EDUCATING LITERATES
LALLY Infosys
Since 1997 Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ
ਸੋਮਵਾਰ 29 ਅਪ੍ਰੈਲ 2024

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa
8194 828282

R.N.I.Punpun/29016/2008 * ਸਾਲ 15 * ਅੰਕ : 335 * ਮੁੱਲ ; 5.00 ਰੁਪਏ * ਕੁੱਲ ਪੇਜ਼ 10 * ਦਫਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282

## ਬਿਹਾਰ ਵਿਚ ਵਾਪਰੀਆਂ ਸੜਕ ਹਾਦਸਾ ਦੀ ਮੌਤ

ਗੋਪਾਲਗੰਜ, -ਚੋਣ ਡਿਊਟੀ 'ਤੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਦੀ ਬੱਸ ਅਤੇ ਕੰਟੇਨਰ ਵਿਚਾਲੇ ਹੋਈ ਜ਼ਬਰਦਸਤ ਟੱਕਰ 'ਚ 2 ਜਵਾਨਾਂ ਦੀ ਮੌਤ ਹੋ ਗਈ ਅਤੇ 10-15 ਜ਼ਖਮੀ ਹੋ ਗਏ। ਗੋਪਾਲਗੰਜ ਦੇ ਐਸ.ਪੀ. ਸਵਰਨ ਪ੍ਰਭਾਤ ਨੇ ਕਿਹਾ ਕਿ ਉਹ ਚੋਣ ਡਿਊਟੀ 'ਤੇ ਸਨ। ਦੁਪਹਿਰ ਦਾ ਖਾਣਾ ਖਾਣ ਲਈ ਹਾਈਵੇਅ ਦੇ ਇਕ ਪਾਸੇ ਢਾਬੇ 'ਤੇ ਰੁਕੇ ਸਨ। ਇਕ ਕੰਟੇਨਰ ਨੇ ਬੱਸ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ। ਉਹ ਚੋਣਾਂ ਲਈ ਸੁਪੌਲ ਜਾ ਰਹੇ ਸਨ।

## ਅਕਾਲੀ ਦਲ ਦੀ ਰੈਲੀ ਵਿਚ ਚੱਲੀਆਂ ਕੁਰਸੀਆਂ



ਬਠਿੰਡਾ, -: ਐਤਵਾਰ ਦੁਪਹਿਰ ਸਥਾਨਕ ਗ੍ਰੀਨ ਪੈਲੇਸ ਵਿਖੇ ਯੂਥ ਅਕਾਲੀ ਦਲ ਵੱਲੋਂ ਕੀਤੀ ਗਈ ਚੋਣ ਰੈਲੀ ਦੌਰਾਨ ਅਕਾਲੀ ਦਲ ਦੇ ਵਰਕਰ ਆਪਸ 'ਚ ਭਿੜ ਗਏ। ਪਿੱਛੇ ਬੈਠੇ ਨੌਜਵਾਨਾਂ ਦੇ ਆਪਸ 'ਚ ਲੜਨ ਦਾ ਕਾਰਨ ਕਿਸੇ ਨੂੰ ਪਤਾ ਨਹੀਂ ਸੀ ਪਰ ਹਾਲ 'ਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਯੂਥ ਅਕਾਲੀ ਦਲ ਦੇ ਆਗੂਆਂ ਨੇ ਬੜੀ ਮੁਸ਼ਕਲ ਨਾਲ ਦੋਵਾਂ ਪਾਸਿਆਂ ਤੋਂ ਨੌਜਵਾਨਾਂ ਨੂੰ ਬਾਹਰ ਕੱਢ ਕੇ ਮਾਹੌਲ ਸ਼ਾਂਤ ਕੀਤਾ। ਜ਼ਿਕਰਯੋਗ ਹੈ ਕਿ ਗਰੀਨ ਪੈਲੇਸ ਵਿਖੇ ਯੂਥ ਅਕਾਲੀ ਦਲ ਵੱਲੋਂ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੀ ਰੈਲੀ ਦਾ ਪ੍ਰਬੰਧ ਕੀਤਾ ਗਿਆ ਸੀ।

## ਮਨੀਪੁਰ ਵਿਚ ਦੁਬਾਰਾ ਪੈਣਗੀਆਂ ਵੋਟਾਂ 30 ਨੂੰ

ਇੰਫਾਲ, -ਆਊਟਰ ਮਨੀਪੁਰ ਲੋਕ ਸਭਾ ਹਲਕੇ ਦੇ ਛੇ ਪੋਲਿੰਗ ਸਟੇਸ਼ਨਾਂ 'ਤੇ 30 ਅਪਰੈਲ ਨੂੰ ਮੁੜ ਤੋਂ ਵੋਟਾਂ ਪੈਣਗੀਆਂ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ 26 ਅਪਰੈਲ ਨੂੰ ਇਨ੍ਹਾਂ ਛੇ ਪੋਲਿੰਗ ਸਟੇਸ਼ਨਾਂ 'ਚੋਂ ਚਾਰ ਸਟੇਸ਼ਨਾਂ 'ਤੇ ਵੋਟਿੰਗ ਪੂਰੀ ਹੋਣ ਤੋਂ ਪਹਿਲਾਂ ਅਣਪਛਾਤੇ ਵਿਅਕਤੀਆਂ ਨੇ ਈਵੀਐੱਮਜ਼ ਅਤੇ ਵੀਵੀਪੈਟ ਦਾ ਨੁਕਸਾਨ ਕਰ ਦਿੱਤਾ ਸੀ। ਇਕ ਪੋਲਿੰਗ ਸਟੇਸ਼ਨ 'ਤੇ ਈਵੀਐੱਮ ਵਿੱਚ ਖ਼ਰਾਬੀ ਦੀ ਸੂਚਨਾ ਮਿਲੀ ਸੀ ਅਤੇ ਇਕ ਹੋਰ ਪੋਲਿੰਗ ਸਟੇਸ਼ਨ 'ਤੇ 'ਅਣਪਛਾਤੇ ਬਦਮਾਸ਼ਾਂ ਵੱਲੋਂ ਧਮਕਾਏ ਜਾਣ ਅਤੇ ਖ਼ਤਰੇ' ਕਰ ਕੇ ਵੋਟਿੰਗ ਪੂਰੀ ਨਹੀਂ ਸੀ ਹੋ ਸਕੀ। ਮਨੀਪੁਰ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵੱਲੋਂ ਜਾਰੀ ਇਕ ਨੋਟੀਫਿਕੇਸ਼ਨ ਵਿੱਚ ਦੱਸਿਆ ਗਿਆ ਕਿ ਉਖਰੂਲ ਵਿਧਾਨ ਸਭਾ ਖੇਤਰ ਵਿੱਚ ਚਾਰ ਪੋਲਿੰਗ ਸਟੇਸ਼ਨਾਂ ਅਤੇ ਉਖਰੂਲ ਵਿੱਚ ਚਿੰਗਾਈ ਵਿਧਾਨ ਸਭਾ ਖੇਤਰ ਅਤੇ ਸੈਨਾਪਤੀ ਵਿੱਚ ਕਰੋਂਗ 'ਚ ਇਕ-ਇਕ ਪੋਲਿੰਗ ਸਟੇਸ਼ਨ 'ਤੇ ਵੋਟਿੰਗ ਰੱਦ ਕਰਨ ਦਾ ਕਰ ਦਿੱਤਾ ਗਿਆ ਹੈ ਅਤੇ 30 ਅਪਰੈਲ ਨੂੰ ਮੁੜ ਤੋਂ ਵੋਟਿੰਗ ਕਰਵਾਈ ਜਾਵੇਗੀ।

## ਹਿਮਾਚਲ 'ਚ ਕਾਰ ਡਿੱਗੀ ਖਾਈ ਵਿੱਚ ਦੋ ਦੀ ਹੋਈ ਮੌਤ

ਚੰਡੀਗੜ੍ਹ, ਵਿਨੋਦ ਸ਼ਰਮਾ- ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ 'ਚ ਇਕ ਕਾਰ ਦੇ 150 ਮੀਟਰ ਡੂੰਘੀ ਖਾਈ ਵਿੱਚ ਡਿੱਗਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ। ਪੁਲੀਸ ਨੇ ਅੱਜ ਇਹ ਜਾਣਕਾਰੀ ਦਿੱਤੀ। ਪੁਲੀਸ ਨੇ ਦੱਸਿਆ ਕਿ ਸ਼ਨਿਚਰਵਾਰ ਰਾਤ ਧਰਮਪੁਰ 'ਚ ਇਹ ਘਟਨਾ ਵਾਪਰੀ। ਪੁਲੀਸ ਨੇ ਦੱਸਿਆ ਕਿ ਕਾਰ ਚਲਾ ਰਹੇ ਅੰਕੁਸ਼ (25) ਨੇ ਅਚਾਨਕ ਵਾਹਨ ਤੋਂ ਕੰਟਰੋਲ ਗੁਆ ਦਿੱਤਾ, ਜਿਸ ਕਰ ਕੇ ਇਹ ਹਾਦਸਾ ਵਾਪਰਿਆ। ਪੁਲੀਸ ਮੁਤਾਬਕ ਜ਼ਖ਼ਮੀਆਂ ਨੂੰ ਠਿਓਗ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਅੰਕੁਸ਼ ਅਤੇ ਅਭਿਸ਼ੇਕ (23) ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਦਲੀਪ (25) ਅਤੇ ਲਲਿਤ (24) ਦਾ ਇਲਾਜ ਜਾਰੀ ਹੈ।

## ਜਲੰਧਰ 'ਚ ਬਿੱਟੂ ਪਰਦੇਸੀ ਦੀ ਦੁਕਾਨ ਤੇ ਜਾਣ ਵਾਲੇ ਹੋ ਜਾਵੋ ਸਾਵਧਾਨ

ਜਲੰਧਰ, ਹਰਬੰਸ ਬਿੱਟੂ -ਜਲੰਧਰ ਦੇ ਅਰਬਨ ਅਸਟੇਟ ਸਥਿਤ ਮਸ਼ਹੂਰ ਚਾਰਟ ਸ਼ਾਪ ਬਿੱਟੂ ਪ੍ਰਦੇਸੀ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੇ ਦੁਕਾਨ 'ਤੇ ਗਾਹਕਾਂ ਵੱਲੋਂ ਹੰਗਾਮਾ ਕੀਤਾ ਗਿਆ ਹੈ। ਦਰਅਸਲ ਦੁਕਾਨ ਤੋਂ ਪਾਪੜੀ ਚਾਟ ਲੈਣ ਗਏ ਇਕ ਗਾਹਕ ਵੱਲੋਂ ਸਨਸਨੀਖੇਜ਼ ਇਲਜ਼ਾਮ ਲਗਾਏ ਗਏ ਹਨ। ਸ਼ਿਵਨਗਰ ਦੇ ਰਹਿਣ ਵਾਲੇ ਸ਼ਾਂਤ ਮਲਿਕ ਨੇ ਦੱਸਿਆ ਕਿ ਉਹ ਰਾਤ ਕਰੀਬ 10 ਵਜੇ ਬਿੱਟੂ ਪ੍ਰਦੇਸੀ ਕੋਲੋਂ ਪਾਪੜੀ ਚਾਰਟ ਪੈਕ ਕਰਵਾ ਕੇ ਘਰ ਲੈ ਕੇ ਗਏ ਸਨ ਤੇ ਜਦੋਂ ਘਰ ਜਾਂ ਕੇ ਖਾਣ ਲੱਗੇ ਦਾ ਛਿਪਕਲੀ ਨਿਕਲੀ ਜਿਸ ਨੂੰ ਲੈ ਕੇ ਜਦੋਂ ਬਿੱਟੂ ਪਰਦੇਸੀ ਕੋਲ ਪਹੁੰਚੇ ਤਾਂ ਪੂਰਾ ਸਟਾਫ ਦੁਕਾਨ ਦੇ ਸ਼ਟਰ ਬੰਦ ਕਰ ਚੱਲਾ ਗਿਆ

## ਪੰਜਾਬ ਦੇ ਇਕ ਹੋਰ ਪੁੱਤ ਦੀ ਡਿਊਟੀ ਦੌਰਾਨ ਹੋਈ ਮੌਤ



ਪਟੀ, ਰਵੀ ਕਰਨ ਤਰਨਤਾਰਨ ਪੱਟੀ ਦੇ ਪਿੰਡ ਆਸਲ ਵਾਸੀ ਕੁਲਦੀਪ ਸਿੰਘ, ਜੋ ਆਈਟੀਬੀਪੀ ਦੀ 14ਵੀਂ ਬਟਾਲੀਅਨ ਪਥੌਰਾਗੜ੍ਹ ਉੱਤਰਾਖੰਡ ਵਿਚ ਤਾਇਨਾਤ ਸਨ। ਲੋਕ ਸਭਾ ਚੋਣਾਂ ਦੇ ਦੂਸਰੇ ਚਰਨ ਦੌਰਾਨ 26 ਅਪ੍ਰੈਲ ਨੂੰ ਸ਼ਾਮ 6 ਵਜੇ ਦੇ ਕਰੀਬ ਮਥੁਰਾ ਉੱਤਰ ਪ੍ਰਦੇਸ਼ ਵਿਚ ਡਿਊਟੀ ਮੌਕੇ ਉਨ੍ਹਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਐਤਵਾਰ ਨੂੰ ਸਬ ਡਵੀਜ਼ਨ ਪੱਟੀ ਦੇ ਪਿੰਡ ਆਸਲ ਵਿਚ ਕੁਲਦੀਪ ਸਿੰਘ ਹੈੱਡ ਕਾਂਸਟੇਬਲ ਕੁਲਦੀਪ ਸਿੰਘ ਦਾ ਅੰਤਿਮ ਸਸਕਾਰ ਪੂਰੇ ਸਰਕਾਰੀ ਸਨਮਾਨਾਂ ਨਾਲ ਪਿੰਡ ਆਸਲ ਦੇ ਸ਼ਮਸ਼ਾਨਘਾਟ ਵਿਚ ਕੀਤਾ ਗਿਆ।

## ਮਨੀਪੁਰ 'ਚ ਹਾਲਾਤ ਬੂਰੇ ਨਹੀਂ ਰੁਕ ਰਹੀ ਗੋਲੀਬਾਰੀ

ਇੰਫਾਲ, ਮਨੀਪੁਰ 'ਚ ਹਿੰਸਾ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਬਿਸ਼ਨੂਪੁਰ ਜ਼ਿਲ੍ਹੇ 'ਚ ਕੁਕੀ ਅੱਤਵਾਦੀਆਂ ਵੱਲੋਂ ਸੁਰੱਖਿਆ ਬਲਾਂ ਦੇ ਕੈਂਪ 'ਤੇ ਹਮਲਾ ਕਰਨ ਤੋਂ ਇਕ ਦਿਨ ਬਾਅਦ ਐਤਵਾਰ ਨੂੰ ਪਿੰਡ ਦੇ ਦੋ ਭਾਈਚਾਰਿਆਂ ਦੇ ਵਲੰਟੀਅਰਾਂ ਵਿਚਾਲੇ ਹੋਈ ਗੋਲ਼ੀਬਾਰੀ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖ਼ਮੀ ਹੋ ਗਏ

DIPS INSTITUTIONS
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

Website : www.lokbani.com
lokbani08@gmail.com

# ਭਗਵੰਤ ਮਾਨ ਨੂੰ ਮੰਗ ਪੱਤਰ ਦੇਣ ਜਾਂਦੇ ਬੇਰੁਜ਼ਗਾਰ ਰਾਹ ‘ਚ ਰੋਕੇ !

# ਭੜਕੇ ਬੇਰੁਜ਼ਗਾਰਾਂ ਨੇ ਕਿਹਾ, ਕਿਹੋ ਜਿਹਾ ਬਦਲਾਅ?

ਬਰਨਾਲਾ- ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਰੁਜ਼ਗਾਰ ਦੀ ਮੰਗ ਕਰਦੇ ਬੇਰੁਜ਼ਗਾਰਾਂ ਦੇ ਬੇਰੁਜ਼ਗਾਰ ਸਾਂਝੇ ਮੋਰਚੇ ਵੱਲੋਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਮੰਗ ਪੱਤਰ ਦੇਣ ਦਾ ਸੰਘਰਸ਼ ਆਰੰਭਿਆ ਹੋਇਆ ਹੈ। ਇਸੇ ਤਹਿਤ ਸਥਾਨਕ ਮੈਰੀ ਲੈਂਡ ਰਿਜ਼ੌਰਟ ਪਹੁੰਚ ਰਹੇ ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਪਹੁੰਚੇ ਬੇਰੁਜ਼ਗਾਰਾਂ ਨੂੰ ਸਥਾਨਕ ਟੀ-ਪੁਆਇੰਟ ਨੇੜੇ ਓਵਰ ਬ੍ਰਿਜ ਕੋਲ ਪੁਲਿਸ ਪ੍ਰਸ਼ਾਸ਼ਨ ਵੱਲੋਂ ਡੱਕ ਲਿਆ ਗਿਆ। ਜਿੱਥੇ ਬੇਰੁਜ਼ਗਾਰਾਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ, ਜਿਹੜੀ ਕਿ ਸ਼ਾਮ ਤੱਕ ਜਾਰੀ ਰਹੀ।




ਪੰਜ ਬੇਰੁਜ਼ਗਾਰ ਜਥੇਬੰਦੀਆਂ (ਬੀ ਐਡ ਟੈੱਟ ਪਾਸ,ਆਰਟ ਐਂਡ ਕਰਾਫਟ, ਓਵਰਏਜ਼ ਬੀ ਐਡ ਯੂਨੀਅਨ, ਮੈਥ/ਸਾਇੰਸ ਅਤ ਮਲਟੀ ਪਰਪਜ਼ ਹੈਲਥ ਵਰਕਰ ਯੂਨੀਅਨ) ਉੱਤੇ ਆਧਾਰਿਤ ਸਾਂਝੇ ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ, ਜਸਵੰਤ ਸਿੰਘ ਘੁਬਾਇਆ, ਰਮਨ ਕੁਮਾਰ ਮਲੋਟ, ਹਰਜਿੰਦਰ ਸਿੰਘ ਝੁਨੀਰ ਅਤੇ ਅਮਨ ਸੇਖਾ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਮੌਕੇ ਬੇਰੁਜ਼ਗਾਰਾਂ ਨਾਲ ਕੀਤੇ ਵਾਅਦਿਆਂ ਵਿੱਚੋ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ।

ਸਿਹਤ ਅਤੇ ਸਿੱਖਿਆ ਵਿੱਚ ਇੱਕ ਵੀ ਅਸਾਮੀ ਉੱਤੇ ਭਰਤੀ ਕਰਨ ਦਾ ਇਸ਼ਤਿਹਾਰ ਜਾਰੀ ਨਹੀਂ ਕੀਤਾ, ਪਿਛਲੀ ਸਰਕਾਰ ਵੇਲੇ ਦੀਆਂ ਜਾਰੀ ਅਸਾਮੀਆਂ ਨੂੰ ਅਜੇ ਤੀਕ ਮੁਕੰਮਲ ਨਹੀਂ ਕੀਤਾ ਸਗੋਂ ਭਰਤੀਆਂ ਨੂੰ ਰੱਦ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਪੰਜਾਬ ਦੇ ਬੇਰੁਜ਼ਗਾਰਾਂ ਨੂੰ ਉਮਰ ਹੱਦ ਛੋਟ ਦੇਣ ਦਾ ਵਾਅਦਾ ਦੋ ਸਾਲ ਮਗਰੋ ਵੀ ਲਟਕ ਰਿਹਾ ਹੈ।ਉਹਨਾਂ ਦੱਸਿਆ ਕਿ ਹਰੇਕ 31 ਦਸੰਬਰ ਨੂੰ ਹਜ਼ਾਰਾਂ ਬੇਰੁਜ਼ਗਾਰ ਉਮੀਦਵਾਰ ਓਵਰਏਜ਼ ਹੋ ਰਹੇ ਹਨ। ਉਹਨਾਂ ਕਿਹਾ ਕਿ ਉਹ ਅੱਜ ਆਪਣੀਆਂ ਉਕਤ ਮੰਗਾਂ ਲਈ ਉਹ ਮੁੱਖ ਮੰਤਰੀ ਪੰਜਾਬ ਨੂੰ ਆਪਣੀ ਮੰਗ ਦੱਸਣ ਜਾ ਰਹੇ ਸਨ।

ਪ੍ਰੰਤੂ ਸੂਬਾ ਸਰਕਾਰ ਪੂਰੀ ਤਰਾਂ ਬੁਖਲਾ ਚੁੱਕੀ ਹੈ। ਜਿਸ ਕਰਕੇ ਬੇਰੁਜ਼ਗਾਰਾਂ ਦੀ ਜੁਬਾਨ ਬੰਦ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਆਉਂਦੇ ਸਮੇਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਪੰਜਾਬ ਦੇ ਪਿੰਡਾਂ ਵਿਚ ਸਵਾਲ ਕੀਤੇ ਜਾਣਗੇ। ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਮੰਗ ਪੱਤਰ ਦੇ ਕੇ ਲੰਘੇ ਦੋ ਸਾਲ ਦਾ ਲੇਖਾ ਜੋਖਾ ਪੁੱਛਿਆ ਜਾਵੇਗਾ।

ਇਸ ਮੌਕੇ ਮੁਨੀਸ਼ ਕੁਮਾਰ ਫਾਜ਼ਿਲਕਾ, ਰਣਬੀਰ ਸਿੰਘ ਨਦਾਮਪੁਰ, ਲਲਿਤਾ ਪਟਿਆਲਾ, ਲਖਵੀਰ ਬੀਹਲਾ, ਰੋਹਿਤ ਤਪਾ, ਅਵਤਾਰ ਹਰੀਗੜ੍ਹ, ਕਰਮਜੀਤ ਦਾਨਗੜ੍ਹ, ਅਮਨਦੀਪ ਪੁਰੀ ਭਦੌੜ, ਸੰਦੀਪ ਧੌਲਾ ਅਤੇ ਸੁਨੀਲ ਕੁਮਾਰ ਆਦਿ ਹਾਜ਼ਰ ਸਨ। ਖ਼ਬਰ ਲਿਖੇ ਜਾਣ ਤੱਕ ਬੇਰੁਜ਼ਗਾਰ ਓਵਰ ਬ੍ਰਿਜ ਹੇਠਾਂ ਡੱਟੇ ਹੋਏ ਸਨ। ਪ੍ਰਸ਼ਾਸ਼ਨ ਵੱਲੋਂ ਬੇਰੁਜ਼ਗਾਰਾਂ ਦੀ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਲਾਰਾ ਦਿੱਤਾ ਜਾ ਰਿਹਾ ਸੀ।

ਬੇਰੁਜ਼ਗਾਰਾਂ ਦੀਆਂ ਮੁੱਖ ਮੰਗਾਂ:

ਉਮਰ ਹੱਦ ਛੋਟ ਦੇ ਕੇ ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਦੀਆਂ ਸਾਰੀਆਂ ਖਾਲੀ ਅਸਾਮੀਆਂ ਉੱਤੇ ਭਰਤੀ ਕੀਤੀ ਜਾਵੇ।

ਮਾਸਟਰ ਕੇਡਰ ਵਿੱਚ ਥੋਪੀ ਬੇਤੁਕੀ ਸ਼ਰਤ 55 ਪ੍ਰਤੀਸ਼ਤ ਰੱਦ ਕੀਤੀ ਜਾਵੇ।

ਆਰਟ ਐਂਡ ਕਰਾਫਟ ਦਾ ਲਿਖਤੀ ਪੇਪਰ ਤੁਰੰਤ ਲਿਆ ਜਾਵੇ।

ਮਲਟੀ ਪਰਪਜ਼ ਹੈਲਥ ਵਰਕਰ ਦੀਆਂ ਸਾਰੀਆਂ ਖਾਲੀ ਅਸਾਮੀਆਂ ਉੱਤੇ ਉਮਰ ਹੱਦ ਛੋਟ ਦੇ ਕੇ ਭਰਤੀ ਕੀਤੀ ਜਾਵੇ।

ਲੈਕਚਰਾਰ ਦੇ ਸਾਰੇ ਵਿਸ਼ਿਆਂ ਦੀ ਭਰਤੀ ,ਕੰਬੀਨੇਸ਼ਨ ਦਰੁਸਤ ਕਰਕੇ ਮੁੜ ਤੋ ਜਾਰੀ ਕੀਤੀ ਜਾਵੇ ਅਤੇ ਓਵਰਏਜ਼ ਹੋ ਚੁੱਕੇ ਉਮੀਦਵਾਰਾਂ ਨੂੰ ਮੌਕਾ ਦਿੱਤਾ ਜਾਵੇ।

## ਅਕਾਲੀ ਦਲ ਨੇ ਖਡੂਰ ਸਾਹਿਬ ਤੋਂ ਐਲਾਨਿਆ ਉਮੀਦਵਾਰ ! ਅੰਮ੍ਰਿਤਪਾਲ ਨੂੰ ਦੇਵੇਗਾ ਟੱਕਰ

ਚੰਡੀਗੜ੍ਹ- ਅਕਾਲੀ ਦਲ ਦੇ ਵਲੋਂ ਅੱਜ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਮੈਦਾਨ ਵਿਚ ਉਤਾਰ ਦਿੱਤਾ ਗਿਆ। ਜਾਣਕਾਰੀ ਮੁਤਾਬਿਕ, ਅਕਾਲੀ ਦਲ ਨੇ ਸੀਨੀਅਰ ਲੀਡਰ ਵਿਰਸਾ ਸਿੰਘ ਵਲਟੋਹਾ ਨੂੰ ਖਡੂਰ ਸਾਹਿਬ ਤੋਂ ਉਮੀਦਵਾਰ ਐਲਾਨਿਆ ਹੈ।

ਦੱਸ ਦਈਏ ਕਿ, ਵਾਰਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਵਲੋਂ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਜਾ ਚੁੱਕਿਆ ਹੈ, ਉਥੇ ਹੀ ਆਮ ਆਦਮੀ ਪਾਰਟੀ ਦੇ ਵਲੋਂ ਵੀ ਮੰਤਰੀ ਲਾਲਜੀਤ ਭੁੱਲਰ ਨੂੰ ਆਪਣਾ ਉਮੀਦਵਾਰ ਬਣਾਇਆ ਹੈ।

ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਅਕਾਲੀ ਦਲ ਤਰਫ਼ੋਂ ਉਮੀਦਵਾਰ ਦਾ ਐਲਾਨ ਕੀਤੇ ਜਾਣ ਤੋਂ ਬਾਅਦ, ਹੁਣ ਪੰਜਾਬ ਦੀਆਂ 13 ਸੀਟਾਂ ਅਤੇ ਇੱਕ ਸੀਟ ਚੰਡੀਗੜ੍ਹ ਦੀ ਤੇ ਆਪਣਾ ਉਮੀਦਵਾਰ ਉਤਾਰਿਆ ਜਾ ਚੁੱਕਾ ਹੈ।

ਪੰਥਕ ਸੀਟ ਵਜੋਂ ਜਾਣੀ ਜਾਂਦੀ ਹਲਕਾ ਖਡੂਰ ਸਾਹਿਬ ਦੀ ਸੀਟ ਤੇ ਪਹਿਲਾਂ ਵੀ ਅਜਿਹੀਆਂ ਹੀ ਟੱਕਰਾਂ ਹੁੰਦੀਆਂ ਰਹੀਆਂ ਹਨ। ਹੁਣ ਇੱਕ ਪਾਸੇ ਅੰਮ੍ਰਿਤਪਾਲ ਹੈ ਅਤੇ ਦੂਜੇ ਪਾਸੇ ਵਿਰਸਾ ਸਿੰਘ ਵਲਟੋਹਾ ਤੇ ਲਾਲਜੀਤ ਭੁੱਲਰ। ਦੇਖਦੇ ਹਾਂ ਕਿ, ਇਸ ਵਾਰ ਖਡੂਰ ਸਾਹਿਬ ਤੋਂ ਕੌਣ ਬਾਜ਼ੀ ਮਾਰਦੈ।

# ਸੰਗਰੂਰ ਜੇਲ੍ਹ ਦੇ ਸੁਪਰਡੈਂਟ ਸਮੇਤ 4 ਅਧਿਕਾਰੀ ਸਸਪੈਂਡ

ਚੰਡੀਗੜ੍ਹ- ਪੰਜਾਬ ਜੇਲ੍ਹ ਵਿਭਾਗ ਦੇ ਵਲੋਂ ਵੱਡੀ ਕਾਰਵਾਈ ਕਰਦਿਆਂ ਹੋਇਆ ਸੰਗਰੂਰ ਜੇਲ੍ਹ ਦੇ ਸੁਪਰਡੈਂਟ ਸਮੇਤ ਚਾਰ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿਚ ਜੇਲ੍ਹ ਸੁਪਰਡੈਂਟ ਮਨਜੀਤ ਸਿੰਘ ਟਿਵਾਣਾ, ਸਹਾਇਕ ਜੇਲ੍ਹ ਸੁਪਰਡੈਂਟ ਰਾਮ ਲਾਲ ਅਤੇ ਵਾਰਡਨ ਮਲਕੀਅਤ ਸਿੰਘ ਤੇ ਅਵਤਾਰ ਸਿੰਘ ਸ਼ਾਮਲ ਹਨ।




ਇਥੇ ਦੱਸਣਯੋਗ ਹੈ ਕਿ, 19 ਅਪ੍ਰੈਲ ਨੂੰ ਸੰਗਰੂਰ ਜ਼ਿਲ੍ਹਾ ਜੇਲ੍ਹ ‘ਚ ਕੈਦੀਆਂ ਵਿਚਾਲੇ ਖੂਨੀ ਝੜਪ ਦੌਰਾਨ ਦੋ ਕੈਦੀਆਂ ਦੀ ਮੌਤ ਅਤੇ ਦੋ ਦੇ ਗੰਭੀਰ ਜ਼ਖ਼ਮੀ ਹੋ ਗਏ ਸਨ। ਇਸ ਮਗਰੋਂ 10 ਕੈਦੀਆਂ ਵਿਰੁਧ ਕੇਸ ਦਰਜ਼ ਕੀਤਾ ਗਿਆ ਹੈ।

ਜ਼ਖਮੀ ਗੰਗਦੀਪ ਅਤੇ ਸਹਿਬਾਜ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਮਾਮਲੇ ਦੀ ਨਿਆਂਇਕ ਜਾਂਚ ਵੀ ਚੱਲ ਰਹੀ ਹੈ, ਜਦਕਿ ਸੰਗਰੂਰ ਪੁਲਿਸ ਨੇ 10 ਜੇਲ੍ਹ ਕੈਦੀਆਂ ਵਿਰੁਧ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਧਾਰਾਵਾਂ 302, 307, 353, 186, 120 ਬੀ, 148 ਅਤੇ 149 ਤਹਿਤ ਕੇਸ ਦਰਜ ਕੀਤਾ ਹੈ।

ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਜੇਲ੍ਹਾਂ) ਅਰੁਣ ਪਾਲ ਸਿੰਘ ਨੇ ਦਸਿਆ, ਜੇਲ੍ਹ ਸੁਪਰਡੈਂਟ ਮਨਜੀਤ ਸਿੰਘ ਟਿਵਾਣਾ, ਸਹਾਇਕ ਜੇਲ੍ਹ ਸੁਪਰਡੈਂਟ ਰਾਮ ਲਾਲ, ਹੈੱਡ ਵਾਰਡਰ ਮਲਕੀਅਤ ਸਿੰਘ ਅਤੇ ਇਕ ਵਾਰਡਰ ਅਵਤਾਰ ਸਿੰਘ ਨੂੰ ਮੁਅੱਤਲ ਕਰ ਦਿਤਾ ਗਿਆ ਹੈ, ਜਦਕਿ ਵਿਭਾਗੀ ਜਾਂਚ ਦੇ ਹੁਕਮ ਵੀ ਦਿਤੇ ਗਏ ਹਨ।

ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਜੇਲ੍ਹਾਂ) ਅਰੁਣ ਪਾਲ ਸਿੰਘ ਨੇ ਦਸਿਆ ਕਿ ਨਾਭਾ ਜੇਲ੍ਹ ਦੇ ਸੁਪਰਡੈਂਟ ਲਲਿਤ ਕੋਹਲੀ ਨੂੰ ਪਹਿਲਾਂ ਹੀ ਸੰਗਰੂਰ ਜ਼ਿਲ੍ਹਾ ਜੇਲ੍ਹ ਦਾ ਵਾਧੂ ਚਾਰਜ ਦਿਤਾ ਜਾ ਚੁੱਕਾ ਹੈ।

# 1 ਮਈ ਨੂੰ ਮਜ਼ਦੂਰ ਦਿਵਸ ਗੁਰੂ ਨਾਨਕ ਪਾਰਕ 'ਚ ਮਨਾਉਣਗੀਆਂ ਜਨਤਕ ਜਥੇਬੰਦੀਆਂ



ਗੁਰਦਾਸਪੁਰ-ਨਵਨੀਤ ਕੁਮਾਰ - ਜਨਤਕ ਜਥੇਬੰਦੀਆਂ ਦੇ ਸਾਂਝੇ ਮੰਚ (ਜੇ ਪੀ ਐਮ ਓ) ਵਿੱਚ ਸ਼ਾਮਲ ਮਜ਼ਦੂਰ ਕਿਸਾਨ ਮੁਲਾਜ਼ਮਾਂ ਜਥੇਬੰਦੀਆਂ ਸੀ ਟੀ ਯੂ ਪੰਜਾਬ, ਜਮਹੂਰੀ ਕਿਸਾਨ ਸਭਾ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂਆਂ ਵਲੋਂ ਸਾਥੀ ਅਜੀਤ ਸਿੰਘ ਹੁੰਦਲ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਕਰਕੇ ਪਹਿਲੀ ਮਈ ਮਜ਼ਦੂਰ ਦਿਵਸ ਹਰ ਸਾਲ ਦੀ ਤਰ੍ਹਾਂ ਵੱਖ ਵੱਖ ਕਿਰਤੀ ਕੇਂਦਰਾਂ ਵਿਖੇ ਝੰਡੇ ਦੀ ਰਸਮ ਅਦਾ ਕਰਨ ਉਪਰੰਤ ਇਕੱਠੇ ਹੋ ਕੇ ਗੁਰੂ ਨਾਨਕ ਪਾਰਕ ਵਿਖੇ ਮਨਾਇਆ ਜਾਵੇਗਾ। ਕਿਰਤੀ ਸ਼੍ਰੇਣੀ ਨੂੰ ਦਰਪੇਸ਼ ਸਮੱਸਿਆਵਾਂ ਉੱਪਰ ਵਿਚਾਰ ਵਟਾਂਦਰਾ ਕਰਨ ਉਪਰੰਤ ਸਾਂਝੇ ਸੰਘਰਸ਼ਾਂ ਨੂੰ ਤਿੱਖਾ ਕਰਨ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ। ਮੀਟਿੰਗ ਵਿੱਚ ਸ਼ਾਮਲ ਆਗੂਆਂ ਕਾਮਰੇਡ ਧਿਆਨ ਸਿੰਘ ਠਾਕੁਰ, ਮੱਖਣ ਸਿੰਘ ਕੁਹਾੜ, ਕੁਲਦੀਪ ਸਿੰਘ ਪੂਰੋਵਾਲ , ਜਸਵੰਤ ਸਿੰਘ ਬੁੱਟਰ, ਕਪੂਰ ਸਿੰਘ ਘੁੰਮਣ, ਗੁਰਮੀਤ ਸਿੰਘ ਠਾਣੇਵਾਲ, ਮਨਹਰਨ ਅਤੇ ਹੋਰ ਸਾਥੀਆਂ ਸਾਂਝੇ ਬਿਆਨ ਵਿਚ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ, ਬੇਰੋਕ ਵੱਧ ਰਹੀ ਮਹਿੰਗਾਈ ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਕਰਕੇ ਆਮ ਲੋਕਾਂ ਦਾ ਜੀਣਾ ਦੁੱਭਰ ਹੋ ਗਿਆ ਹੈ। ਹਾਕਮ ਪਾਰਟੀਆਂ ਵਲੋਂ ਮਜ਼ਦੂਰਾਂ ਕਿਸਾਨਾਂ ਮੁਲਾਜ਼ਮਾਂ ਜਾਂ ਬੇਰੁਜ਼ਗਾਰੀ ਦੇ ਝੰਬੇ ਨੌਜਵਾਨਾਂ ਨੂੰ ਕੁਝ ਦੇਣ ਦੀ ਬਜਾਏ ਮਜ਼ਦੂਰਾਂ ਕਿਸਾਨਾਂ ਅਤੇ ਮੁਲਾਜ਼ਮਾਂ ਵਲੋਂ ਲੰਮੇ ਸਮੇਂ ਤੋਂ ਕੀਤੇ ਸੰਘਰਸ਼ਾਂ ਰਾਹੀਂ ਪ੍ਰਾਪਤ ਹੱਕਾਂ ਨੂੰ ਵੀ ਇੱਕ ਕਰਕੇ ਖੋਇਆ ਜਾ ਰਿਹਾ ਹੈ। ਇਸ ਗੌਰਵਮਈ ਮਜ਼ਦੂਰ ਦਿਹਾੜੇ ਮੌਕੇ ਦੇਸ਼ ਅੰਦਰ ਸਵਿਧਾਨ ਤੇ ਜਮਹੂਰੀਅਤ ਨੂੰ ਬਚਾਉਣ ਲਈ ਸ਼ਿਕਾਗੋ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਹਨਾਂ ਦੇ ਵਿਚਾਰਾਂ ਤੇ ਹੋਰ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਮਨਾਇਆ ਜਾਵੇਗਾ।

# ਘਰੇਲੂ ਗੈਸ ਕੁਨੈਕਸ਼ਨ ਦੀ ਜਾਂਚ ਕਰਵਾਉਣੀ ਜਰੂਰੀ- ਐਡਵੋਕੇਟ ਢਿੱਲੋਂ




ਸ੍ਰੀ ਅਨੰਦਪੁਰ ਸਾਹਿਬ, 28 ਅਪ੍ਰੈਲ(ਦਵਿੰਦਰਪਾਲ ਸਿੰਘ): ਗੈਸ ਖਪਤਕਾਰ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਜਰੂਰੀ ਸਮਝਦੇ ਹੋਏ ਵੱਧ ਤੋਂ ਵੱਧ ਘਰੇਲੂ ਗੈਸ ਕੁਨੈਕਸ਼ਨ ਦੀ ਜਾਂਚ ਕਰਵਾਉਣੀ ਜਰੂਰੀ ਹੈ ਇਹ ਜਾਣਕਾਰੀ

ਅਨੰਦਪੁਰ ਸਾਹਿਬ ਗੈਸ ਸਰਵਿਸ ਦੇ ਮਾਲਕ ਐਡਵੋਕੇਟ ਜਸਵਿੰਦਰ ਸਿੰਘ ਢਿੱਲੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ।ਉਨਾਂ ਕਿਹਾ ਕਿ ਦੇਸ਼ ਦੀ ਸਭ ਤੋਂ ਵੱਡੀ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਿਟਡ ਦੀ ਹਦਾਇਤਾਂ ਅਨੁਸਾਰ ਘਰੇਲੂ ਗੈਸ ਕੁਨੈਕਸ਼ਨ ਦੀ ਸੁਰੱਖਿਆ ਜਾਂਚ ਕਰਵਾਉਣੀ ਅਤਿ ਜਰੂਰੀ ਹੈ ਅਤੇ ਇਹ ਉਪਭੋਗਤਾਂ ਦੇ ਲਾਭ ਲਈ ਕੀਤੀ ਜਾਂਦੀ ਹੈ। ਉਨਾਂ ਕਿਹਾ ਕਿ ਅਨੰਦਪੁਰ ਸਾਹਿਬ ਗੈਸ ਏਜੰਸੀ ਦੇ ਮੁਲਾਜ਼ਮ ਵੀ ਇਹ ਜਾਂਚ ਮੁਫਤ ਕਰ ਰਹੇ ਹਨ ਅਤੇ ਗੈਸ ਪਾਈਪ ਨੂੰ ਬਦਲਣਾ ਜਰੂਰੀ ਸਮਝਦੇ ਹਨ ਤਾਂ ਪਾਈਪ ਦੀ ਕੀਮਤ ਹੀ ਵਸੂਲ ਕੀਤੀ ਜਾਂਦੀ ਹੈ ਜਿਸ ਦੀ ਪੰਜ ਸਾਲ ਦੀ ਗਰੰਟੀ ਹੈ। ਉਨਾਂ ਕਿਹਾ ਕਿ ਸਾਡਾ ਉਦੇਸ਼ ਅਤੇ ਮੁੱਖ ਮੰਤਵ ਵਧੀਆ ਸਰਵਿਸ ਦੇਣ ਦੇ ਨਾਲ ਨਾਲ ਖਪਤਕਾਰ ਅਤੇ ਉਸਦੇ ਪਰਿਵਾਰ ਨੂੰ ਸੁਰੱਖਿਆ ਦੇਣਾ ਵੀ ਹੈ। ਇਸ ਸਬੰਧੀ ਉਨਾਂ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਗੈਸ ਏਜੰਸੀ ਦੇ ਮੁਲਾਜ਼ਮਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ।

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਿਆ ਗਿਆ






ਲੁਧਿਆਣਾ (ਸੁਖਚੈਨ ਮਹਿਰਾ) ਗੁਰਦੁਆਰਾ ਸਿੰਘ ਸਭਾ ਬਹਾਦਰਕੇ ਵਿਖੇ ਵਿਸਾਖੀ ਦੇ ਸਬੰਧ ਵਿੱਚ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਪੰਜ ਪਿਆਰਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਿਆ 41 ਦੇ ਕਰੀਬ ਗੁਰੂ ਪਿਆਰਿਆਂ ਨੇ ਅੰਮ੍ਰਿਤ ਛਕਿਆ ਗੁਰੂਦੁਆਰਾ ਸਿੰਘ ਸਭਾ ਦੇ ਸੇਵਾਦਾਰ ਹੈੱਡ ਗ੍ਰੰਥੀ ਬਿਕਰਮ ਸਿੰਘ ਖਾਲਸਾ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲਿਆਂ ਨੂੰ ਬਾਣੀ ਅਤੇ ਬਾਣੇ ਦੀ ਮਰਿਆਦਾ ਪ੍ਰਤੀ ਵਚਨਬੱਧ ਰਹਿਣ ਲਈ ਕਿਹਾ ਅੰਮ੍ਰਿਤ ਸੰਚਾਰ ਕਰਵਾਉਣ ਡੁਗਰੀ ਤੋਂ ਜਥਾ ਗੁਰਦੁਆਰਾ ਸਿੰਘ ਸਭਾ ਪਹੁੰਚਿਆ ? ਗ੍ਰੰਥੀ ਬਿਕਰਮ ਸਿੰਘ ਖਾਲਸਾ ਨੇ ਕਿਹਾ ਕਿ ਅੰਮ੍ਰਿਤ ਛਕ ਕੇ ਨੌਜਵਾਨ ਸਿੱਖੀ ਨਾਲ ਜੁੜੇ ਰਹਿਣਗੇ 9 , ਸੰਗਤ ਨੂੰ ਲੰਗਰ ਪ੍ਰਸ਼ਾਦ ਵੰਡਿਆ ਗਿਆ ?ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਚੀਮਾ, ਦਲਜੀਤ ਸਿੰਘ ਚੱਠਾ, ਬਲਬੀਰ ਸਿੰਘ, ਸੁਖਵਿੰਦਰ ਸਿੰਘ ਕਾਕੂ, ਹਰਜੀਤ ਸਿੰਘ, ਕਰਮਬੀਰ ਸਿੰਘ ,ਰਣਬੀਰ ਸਿੰਘ ਘੁੰਮਣ, ਹਰਦੀਪ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਇੰਜਨੀਅਰ ਰਵੀਜੀਤ ਸਿੰਘ ਨੂੰ ਨਵੀਂ ਬਣੀ ਐਨਪੀਸੀ ਦੀ ਵਾਗਡੋਰ

## ਨਿਰਮਾਣ ਖੇਤਰ ਦੇ ਵਿਕਾਸ ਲਈ ਕਾਰਜਕਾਰੀ ਕਮੇਟੀ ਦਾ ਗਠਨ




ਮੁਹਾਲੀ, ਇੰਜਨੀਅਰ ਰਵੀਜੀਤ ਸਿੰਘ ਨੂੰ ਚੰਡੀਗੜ੍ਹ ਟ੍ਰਾਈਸਿਟੀ ਵਿੱਚ ਨਿਰਮਾਣ ਖੇਤਰ ਦੇ ਉਥਾਨ ਲਈ ਨਵੇਂ ਬਣਾਏ ਗਏ 'ਨੈਟਵਰਕ ਫਾਰ ਪੀਪਲ ਆਫ਼ ਕੰਸਟਰਕਸ਼ਨ' (ਐਨਪੀਸੀ) ਦੀ ਕਾਰਜਕਾਰੀ ਵਾਗਡੋਰ ਸੌਂਪੀ ਗਈ ਹੈ। ਜੇਐਲਪੀਐਲ, ਸੈਕਟਰ 82 ਵਿਖੇ ਆਯੋਜਿਤ ਤਾਜਪੋਸ਼ੀ ਸਮਾਰੋਹ ਦੌਰਾਨ, ਚੰਡੀਗੜ੍ਹ ਟ੍ਰਾਈਸਿਟੀ ਦੇ ਆਰਕੀਟੈਕਟ, ਇੰਜਨੀਅਰ, ਇੰਟੀਰੀਅਰ ਡਿਜ਼ਾਈਨਰ, ਬਿਲਡਰ, ਸਲਾਹਕਾਰ,, ਵਿਜ਼ੂਅਲਾਈਜ਼ਰ, ਸਪਲਾਇਰ ਅਤੇ ਨਿਰਮਾਤਾ ਇੱਕ ਪਲੇਟਫਾਰਮ ਰਾਹੀਂ ਨਿਰਮਾਣ ਭਵਿੱਖ ਦੇ ਹਿੱਤਾਂ ਦੀ ਰਾਖੀ ਦੇ ਉਦੇਸ਼ ਨਾਲ ਇਕੱਠੇ ਹੋਏ ਤਾਂ ਜੋ ਨਿਰਮਾਣ ਕਾਰਜਪ੍ਰਣਾਲੀ ਲਈ ਤਜਰਬੇ ਅਤੇ ਮੁਹਾਰਤ ਦਾ ਆਦਾਨ-ਪ੍ਰਦਾਨ ਕੀਤਾ ਜਾ ਸਕਦਾ ਹੈ। ਆਰਕੀਟੈਕਟ ਪ੍ਰਭਜੋਤ ਕੌਰ ਨੂੰ ਉਪ ਕਪਤਾਨ ਬਣਾਇਆ ਗਿਆ ਹੈ। ਪੰਕਜ ਆਹੂਜਾ ਨੂੰ ਵਿੱਤ ਸਕੱਤਰ, ਕਾਰਤਿਕ ਕਪੂਰ ਨੂੰ ਸਕੱਤਰ ਅਤੇ ਇਨਵੈਂਟਰੀ ਦਾ ਚਾਰਜ, ਆਸ਼ਿਮਾ ਵਸ਼ਿਸ਼ਟ ਨੂੰ ਮੀਡੀਆ ਅਤੇ ਇਨਵੈਂਟਸ ਅਤੇ ਯਸ਼ਾਂਕ ਸਿਆਲ ਨੂੰ ਸੋਸ਼ਲ ਮੀਡੀਆ ਦਾ ਚਾਰਜ ਦਿੱਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਤਰਸੇਮ ਸਿੱਧੂ ਨੂੰ ਅਨੁਸ਼ਾਸਨ ਦੀ ਜ਼ਿੰਮੇਵਾਰੀ, ਸੁਦੀਪ ਤੋਕੀ ਨੂੰ ਮੈਂਟੋਰਿੰਗ ਅਤੇ ਓਰੀਐਂਟੇਸ਼ਨ ਦੀ, ਹਿਮਾਨੀ ਗਿਲਹੋਤਰਾ ਨੂੰ ਯੁਵਾ ਮਾਮਲਿਆਂ ਦੀ, ਰਵੀਜੀਤ ਸਿੰਘ ਨੂੰ ਸੀਐਸਆਰ ਮਾਮਲਿਆਂ ਦੀ, ਸਾਹਿਲ ਕਾਂਸਲ ਨੂੰ ਗਰੋਥ ਅਤੇ ਹਰਨੀਤ ਸਿੰਘ ਨੂੰ ਅਟੈਂਡੈਂਸ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਨਵੇਂ ਮੈਂਬਰਾਂ ਦੀ ਤਾਜਪੋਸ਼ੀ ਕੌਮੀ ਪ੍ਰਧਾਨ ਯੋਗੇਸ਼ ਜਗਤਰਾਮਕਾ ਦੀ ਅਗਵਾਈ ਹੇਠ ਕੀਤੀ ਗਈ। ਉਨ੍ਹਾਂ ਆਸ ਪ੍ਰਗਟਾਈ ਕਿ ਨਵੀਂ ਬਣੀ ਕਾਰਜਕਾਰਨੀ ਚੰਡੀਗੜ੍ਹ ਅਤੇ ਟ੍ਰਾਈਸਿਟੀ ਵਿੱਚ ਉਸਾਰੀ ਖੇਤਰ ਨੂੰ ਨਵੇਂ ਆਯਾਮਾਂ 'ਤੇ ਲੈ ਜਾਵੇਗੀ।

# ਗਾਇਕ ਨਰਿੰਦਰ ਆਪਣੇ ਪਲੇਠੇ ਗੀਤ 'ਮਾਫੀਆ ਅਪੀਲ' ਨਾਲ ਸਰੋਤਿਆਂ ਦੇ ਹੋਇਆ ਸਨਮੁੱਖ




ਖਰੜ,28 ਅਪ੍ਰੈਲ,ਲੋਕ ਬਾਣੀ (ਕਾਲਾ ਸਿੰਘ ਸੈਣੀ )- ਗੀਤ,ਸੰਗੀਤ ਦੇ ਖੇਤਰ 'ਚ ਸਟਰੇਂਜਰ ਸਟੂਡਿਓ ਘੜੂੰਆਂ ਵਲੋਂ ਅਮਿੱਟ ਪੈੜਾਂ ਪਾਉਂਦੇ ਹੋਏ ਗਾਇਕ ਨਰਿੰਦਰ ਦੇ ਗੀਤ 'ਮਾਫੀਆ ਅਪੀਲ' ਨਾਲ ਸ਼ਾਨਦਾਰ ਐਂਟਰੀ ਮਾਰੀ ਹੈ। ਗੀਤ ਨੂੰ ਪੰਜਾਬੀ ਅਤੇ ਹਿੰਦੀ ਫਿਲਮਾ ਫਿਲਮ ਇੰਡਸਟਰੀ ਦੇ ਮਕਬੂਲ ਅਦਾਕਾਰ ਬੀ.ਐਨ.ਸ਼ਰਮਾ ਅਤੇ ਉਸ ਦੇ ਬੇਟੇ ਨਗੇਸ਼ਵਰ ਸ਼ਰਮਾ ਵਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਉਨ੍ਹਾਂ ਗੀਤ ਦੀ ਪੂਰੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਸੰਗੀਤ ਪੁਰਾਤਨ ਸਮੇਂ ਤੋਂ ਹੀ ਮਨੁੱਖ ਦੀ ਰੂਹ ਦੀ ਖੁਰਾਕ ਰਿਹਾ ਹੈ। ਪੰਜਾਬੀ ਗੀਤ,ਸੰਗੀਤ ਨੇ ਦੇਸ਼ਾਂ-ਵਿਦੇਸ਼ਾਂ ਤੱਕ ਆਪਣੀ ਟੌਹਰ ਨੂੰ ਕਾਇਮ ਰੱਖਿਆ ਹੋਇਆ ਹੈ। ਸੰਗੀਤ ਬਿਨ੍ਹਾਂ ਸਾਡੀ ਜ਼ਿੰਦਗੀ ਅਧੂਰੀ ਹੈ। ਇਸ ਮੌਕੇ ਗਾਇਕ ਨਰਿੰਦਰ ਨੇ ਦੱਸਿਆ ਕਿ ਉਸ ਨੇ ਸੰਗੀਤ ਦੀ ਸਿੱਖਿਆ ਉਸਤਾਦ ਹਰਪਾਲ ਸੁਨੇਹੀ ਅਤੇ ਦਲਜੀਤ ਘੜੂੰਆ ਤੋਂ ਪ੍ਰਾਪਤ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਿਰਦੇਸ਼ਕ ਐੱਚ ਡੀ ਸਿੰਘ ਦੀ ਇਸ ਸ਼ਾਨਦਾਰ ਪੇਸ਼ਕਸ਼ 'ਮਾਫੀਆ ਅਪੀਲ' ਗੀਤ ਨੂੰ ਗੀਤਕਾਰ 22 ਮਾਨ ਦੀ ਕਲਮ ਦਾ ਉਪਜ ਗੀਤ ਹੈ। ਅਤੇ ਸੰਗੀਤ ਸਟਰੇਂਜਰ ਵਲੋਂ ਦਿੱਤਾ ਗਿਆ ਹੈ। ਇਸ ਮੌਕੇ ਦਲਜੀਤ ਸਿੰਘ ਬੰਟੀ,ਦਲਜੀਤ ਸਿੰਘ ਘੜੂੰਆਂ,ਗਾਇਕਾ ਕੌਮਲ,ਗਾਇਕਾ ਭਾਰਤੀ, ਕਮਲਦੀਪ ਸਿੰਘ,ਅੰਮ੍ਰਿਤਪਾਲ ਸਿੰਘ,ਗੁਰਮੁੱਖ ਸਿੰਘ ਖਰੜ,ਮਾਤਾ ਭੁਪਿੰਦਰ ਕੌਰ,ਸੁਰਿੰਦਰ ਕੌਰ,ਗੁਰਦੇਵ ਕੌਰ,ਸਰਬਜੀਤ ਕੌਰ ਖਰੜ ਆਦਿ ਤੋਂ ਇਲਾਵਾ ਹੋਰ ਪਤਵੰਤੇ ਹਾਜਰ ਸਨ।

# ਕਾਂਗਰਸ ਭਾਰਤ ਵਿੱਚ ਸ਼ਰੀਆ ਲਾਗੂ ਕਰਨਾ ਚਾਹੁੰਦੀ ਹੈ, ਪਰ ਜਦੋਂ ਤੱਕ ਭਾਜਪਾ ਹੈ, ਅਸੀਂ ਸ਼ਰੀਆ ਲਾਗੂ ਨਹੀਂ ਹੋਣ ਦੇਵਾਂਗੇ: ਅਮਿਤ ਸ਼ਾਹ

ਚੰਡੀਗੜ੍ਹ, ਲੋਕ ਸਭਾ ਚੋਣ ਪ੍ਰਚਾਰ ਦੇ ਦੂਜੇ ਪੜਾਅ 'ਚ ਭਾਰਤੀ ਰਾਜਨੀਤੀ ਦੇ ਚਾਣਕਯ ਅਮਿਤ ਸ਼ਾਹ ਭਾਰਤੀ ਜਨਤਾ ਪਾਰਟੀ ਦੀ ਸ਼ਾਨਦਾਰ ਜਿੱਤ ਲਈ ਜ਼ੋਰਦਾਰ ਪ੍ਰਚਾਰ 'ਚ ਜੁਟੇ ਹੋਏ ਹਨ। ਇੱਕ ਦਿਨ ਵਿੱਚ ਦੋ-ਤਿੰਨ ਰਾਜਾਂ ਵਿੱਚ ਜਨਤਕ ਮੀਟਿੰਗਾਂ ਅਤੇ ਰੋਡ ਸ਼ੋਅ ਰਾਹੀਂ ਲੋਕਾਂ ਨੂੰ ਪਿਛਲੇ 10 ਸਾਲਾਂ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਉਣ ਵਾਲੇ ਸ਼ਾਹ ਨਾ ਤਾਂ ਥੱਕ ਰਹੇ ਹਨ ਅਤੇ ਨਾ ਹੀ ਰੁਕ ਰਹੇ ਹਨ। ਮੱਧ ਪ੍ਰਦੇਸ਼ 'ਚ ਇਕ ਜਨ ਸਭਾ 'ਚ ਅਮਿਤ ਸ਼ਾਹ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਦਿਗਵਿਜੇ ਸਿੰਘ ਨੂੰ ਫੁੱਟ ਪਾਊ ਵਿਅਕਤੀ ਕਰਾਰ ਦਿੱਤਾ ਅਤੇ ਸਪੱਸ਼ਟ ਚਿਤਾਵਨੀ ਦਿੱਤੀ ਕਿ 'ਕਾਂਗਰਸ ਭਾਰਤ 'ਚ ਸ਼ਰੀਆ ਲਾਗੂ ਕਰਨਾ ਚਾਹੁੰਦੀ ਹੈ ਪਰ ਜਦੋਂ ਤੱਕ ਭਾਜਪਾ ਹੈ, ਅਸੀਂ ਸ਼ਰੀਆ ਨਹੀਂ ਲੱਗਣ ਦੇਵਾਂਗੇ। ਲਾਗੂ ਕੀਤਾ। ਅਸੀਂ ਉੱਤਰਾਖੰਡ ਵਿੱਚ ਯੂ.ਸੀ.ਸੀ. ਲਾਗੂ ਕੀਤਾ, ਹੁਣ ਅਸੀਂ ਇਸਨੂੰ ਪੂਰੇ ਦੇਸ਼ ਵਿੱਚ ਕਰਾਂਗੇ, ਕਾਂਗਰਸ ਮੁਸਲਿਮ ਤੁਸ਼ਟੀਕਰਨ ਦੀ ਰਾਜਨੀਤੀ ਕਰ ਰਹੀ ਹੈ ਅਤੇ ਦੇਸ਼ ਦੇ ਲੋਕ ਹੁਣ ਇਹ ਜਾਣਦੇ ਹਨ। ਹਾਲ ਹੀ ਵਿੱਚ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਮੁਸਲਿਮ ਪਰਸਨਲ ਲਾਅ ਅਤੇ ਤਿੰਨ ਤਲਾਕ ਵਰਗੇ ਕਾਨੂੰਨਾਂ ਦੀ ਵਕਾਲਤ ਕੀਤੀ ਹੈ। ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਯੋਗ ਅਗਵਾਈ ਹੇਠ ਤਿੰਨ ਤਲਾਕ ਵਰਗੇ ਕਾਨੂੰਨ ਨੂੰ ਰੱਦ ਕਰ ਦਿੱਤਾ ਗਿਆ ਹੈ। ਅੱਜ ਮੁਸਲਿਮ ਔਰਤਾਂ ਆਪਣੇ ਹੱਕ ਪ੍ਰਾਪਤ ਕਰ ਰਹੀਆਂ ਹਨ ਅਤੇ ਇੱਜ਼ਤ ਨਾਲ ਆਪਣਾ ਜੀਵਨ ਬਤੀਤ ਕਰ ਰਹੀਆਂ ਹਨ। ਇਸ ਤੋਂ ਦੋ ਕਦਮ ਅੱਗੇ ਜਾ ਕੇ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਦੇਸ਼ ਦੇ ਵਸੀਲਿਆਂ




'ਤੇ ਪਹਿਲਾ ਹੱਕ ਘੱਟ ਗਿਣਤੀਆਂ ਦਾ ਹੈ, ਪਰ ਪਿਛਲੇ 10 ਸਾਲਾਂ 'ਚ ਮੋਦੀ ਸਰਕਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤ ਦੇ ਵਸੀਲਿਆਂ 'ਤੇ ਗਰੀਬਾਂ, ਦਲਿਤਾਂ, ਓਬੀਸੀ ਤੇ ਆਦਿਵਾਸੀਆਂ ਦਾ ਪਹਿਲਾ ਹੱਕ ਹੈ। ਦੂਰਅੰਦੇਸ਼ੀ ਨੇਤਾ ਨਰਿੰਦਰ ਮੋਦੀ ਅਤੇ ਅੰਤੋਦਿਆ ਰਾਜਨੀਤੀ ਕਰਨ ਵਾਲੇ ਅਮਿਤ ਸ਼ਾਹ ਦਾ ਸਪੱਸ਼ਟ ਮੰਨਣਾ ਹੈ ਕਿ ਇਸ ਦੇਸ਼ ਦਾ ਕਾਨੂੰਨ ਸ਼ਰੀਆ ਦੇ ਆਧਾਰ 'ਤੇ ਨਹੀਂ ਚੱਲੇਗਾ। ਉੱਤਰਾਖੰਡ ਦੀ ਤਰਜ਼ 'ਤੇ ਪੂਰੇ ਦੇਸ਼ 'ਚ ਯੂ.ਸੀ.ਸੀ. ਨੂੰ ਲਾਗੂ ਕੀਤਾ ਜਾਵੇਗਾ। ਹਾਲ ਹੀ ਵਿੱਚ ਦੇਸ਼ ਦੀ ਜਨਤਾ ਨੇ ਦੇਖਿਆ ਕਿ ਰਾਹੁਲ ਗਾਂਧੀ ਸਮੇਤ ਸਮੁੱਚੀ ਕਾਂਗਰਸ ਪਾਰਟੀ ਨੇ ਵੋਟ ਬੈਂਕ ਕਾਰਨ ਰਾਮ ਲੱਲਾ ਦੇ ਪ੍ਰਕਾਸ਼ ਪੁਰਬ ਦੇ ਸੱਦੇ ਨੂੰ ਠੁਕਰਾ ਦਿੱਤਾ ਹੈ। ਸਾਲ 2019 ਵਿੱਚ, ਜਦੋਂ ਭਾਰਤੀ ਜਨਤਾ ਪਾਰਟੀ ਨੂੰ 300 ਤੋਂ ਵੱਧ ਬਹੁਮਤ ਮਿਲਿਆ, ਮੋਦੀ ਜੀ ਦੀ ਅਗਵਾਈ ਅਤੇ ਅਮਿਤ ਸ਼ਾਹ ਦੀ ਅਗਵਾਈ ਵਿੱਚ, ਉਨ੍ਹਾਂ ਮੁੱਦਿਆਂ ਦੇ ਹੱਲ ਲੱਭੇ ਗਏ, ਜਿਨ੍ਹਾਂ ਨੂੰ ਛੂਹਣ ਦੀ ਕਾਂਗਰਸ ਸਰਕਾਰ ਵੀ ਹਿੰਮਤ ਨਹੀਂ ਕਰ ਸਕੀ। ਦਹਾਕੇ ਉਦਾਹਰਨ ਲਈ, ਧਾਰਾ 370 ਨੂੰ ਖਤਮ ਕਰਨਾ, ਰਾਮ ਮੰਦਰ ਦਾ ਨਿਰਮਾਣ, ਤਿੰਨ ਤਲਾਕ ਨੂੰ ਖਤਮ ਕਰਨਾ, "33 ਦੀ ਸ਼ੁਰੂਆਤ, 311 ਨੂੰ ਲਾਗੂ ਕਰਨਾ, ਅੱਤਵਾਦ ਅਤੇ ਨਕਸਲਵਾਦ ਦਾ ਖਾਤਮਾ ਦੇਖਿਆ ਜਾ ਸਕਦਾ ਹੈ। ਅੱਜ ਮੱਧ ਪ੍ਰਦੇਸ਼ ਨਕਸਲਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੈ। ਕੌਣ ਨਹੀਂ ਜਾਣਦਾ ਕਿ ਕਾਂਗਰਸ ਨੇ 4 ਪੀੜ੍ਹੀਆਂ ਤੱਕ ਗਰੀਬੀ ਮਿਟਾਉਣ ਦਾ ਨਾਅਰਾ ਦਿੱਤਾ ਪਰ ਗਰੀਬੀ ਦੂਰ ਨਹੀਂ ਹੋਈ। ਸਿਰਫ 10 ਸਾਲਾਂ ਵਿੱਚ ਮੋਦੀ ਸਰਕਾਰ ਨੇ 25 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਲਿਆ ਕੇ ਗਰੀਬਾਂ ਦਾ ਪੱਧਰ ਉੱਚਾ ਚੁੱਕਿਆ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਵੱਡੀ ਪਾਰਟੀ ਕਾਂਗਰਸ ਅੱਜ ਸਿਫ਼ਰ 'ਤੇ ਸਿਮਟ ਕੇ ਇਤਿਹਾਸ ਬਣਨ ਜਾ ਰਹੀ ਹੈ। ਇਸ ਦੇ ਨਾਲ ਹੀ ਸਿਰਫ 10 ਸਾਲਾਂ ਦੇ ਅੰਦਰ ਹੀ ਮੋਦੀ-ਸ਼ਾਹ ਦੀ ਜੋੜੀ ਨੇ ਭਾਰਤੀ ਜਨਤਾ ਪਾਰਟੀ ਨੂੰ ਜ਼ੀਰੋ ਤੋਂ ਸਿਖਰ 'ਤੇ ਲਿਜਾਣ ਦਾ ਕੰਮ ਕੀਤਾ ਹੈ। 2024 ਦੀਆਂ ਲੋਕ ਸਭਾ ਚੋਣਾਂ 'ਚ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ ਅਤੇ ਭਾਜਪਾ ਨੂੰ 400 ਤੋਂ ਪਾਰ ਲਿਜਾਣ ਲਈ ਸ਼ਾਹ ਖੁੱਲ੍ਹੇਆਮ ਮੈਦਾਨ 'ਚ ਉਤਰੇ ਹਨ। ਸਿਆਸਤ ਨੂੰ ਨਵੀਂ ਪਛਾਣ ਦੇਣ ਵਾਲੇ ਅਮਿਤ ਸ਼ਾਹ ਦਾ ਇਹ ਟਰੈਕ ਰਿਕਾਰਡ ਹੈ ਕਿ ਉਨ੍ਹਾਂ ਨੇ ਹਮੇਸ਼ਾ ਅਸੰਭਵ ਨੂੰ ਸੰਭਵ ਬਣਾਇਆ ਹੈ। ਅਜਿਹੇ 'ਚ ਇਹ ਮੰਨ ਲੈਣਾ ਚਾਹੀਦਾ ਹੈ ਕਿ 400 ਦੇ ਪਾਰ ਹੋਣ ਨਾਲ ਪੂਰਾ ਦੇਸ਼ ਭਗਵਾ ਹੋਣ ਵਾਲਾ ਹੈ।

# ਸਵੀਪ ਗਤੀਵਿਧੀਆਂ ਅਧੀਨ ਸਰਕਾਰੀ ਸਕੂਲ ਕਾਹਮਾ ਵਿਖੇ ਲਗਾਇਆ ਵੋਟਰ ਜਾਗਰੂਕਤਾ ਸੈਮੀਨਾਰ




ਸਹੀਦ ਭਗਤ ਸਿੰਘ ਨਗਰ 28 ਅ੍ਰਪੈਲ -ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ- ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਮਾ ਵਿਖੇ ਸਕੂਲ ਇੰਚਾਰਜ ਹਿਤੇਸ਼ ਸਹਿਗਲ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਅਧੀਨ ਵੋਟਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਤੇ ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ ਸੂੰਨੀ ਦੁਆਰਾ ਵਿਦਿਆਰਥੀਆਂ ਨੂੰ ਵੋਟਾਂ ਬਾਰੇ ਜਾਗਰੂਕ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ ਗਏ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦੀ ਉਮਰ ਪਹਿਲੀ ਅਪ੍ਰੈਲ 2024 ਨੂੰ ਅਠਾਰਾਂ ਸਾਲ ਦੀ ਚੁੱਕੀ ਹੈ ਉਹ ਆਪਣੀ ਵੋਟ ਆਨਲਾਈਨ ਜਾਂ ਬੂਥ ਲੈਵਲ ਅਫਸਰ ਕੋਲ ਜਾ ਕੇ ਜਰੂਰ ਅਪਲਾਈ ਕਰਨ ਤਾਂ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਮਹਾਂਉਤਸਵ ਵਿੱਚ ਭਾਗ ਲੈ ਸਕਣ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀਆਂ ਦੀ ਅਜੇ ਵੋਟ ਨਹੀਂ ਬਣੀ ਹੋਈ ਹੈ ਉਹ ਆਪਣੇ ਪਿੰਡਾਂ ਵਿੱਚ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਹਰ ਇੱਕ ਵਿਅਕਤੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਲਈ ਕਹਿਣ ਅਤੇ ਚੋਣ ਕਮਿਸ਼ਨ ਦੇ ਸਲੋਗਨ ਇਸ ਬਾਰ ਸੱਤਰ ਪਾਰ ਦੇ ਤਹਿਤ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵੋਟਿੰਗ ਟਰਨ ਆਊਟ ਨੂੰ ਪਝੱਤਰ ਫੀਸਦੀ ਦੇ ਪਾਰ ਕਰਨ ਵਿੱਚ ਸਹਿਯੋਗ ਕਰਨ।ਉਨ੍ਹਾਂ ਕਿਹਾ ਕਿ ਸਾਨੂੰ ਧਰਮ ,ਜਾਤ ਅਤੇ ਨਸਲ ਤੋਂ ਉੱਪਰ ਉੱਠ ਕੇ ਵੋਟ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਬੂਥ ਪੱਧਰ ਤੇ ਮਿਲਣ ਵਾਲ਼ੀਆਂ ਸਹੂਲਤਾਂ ਤੇ ਚਾਨਣਾ ਪਾਇਆ ਜਿਵੇਂ ਕੇ ਵਿਕਲਾਂਗ ਵੋਟਰਾਂ ਲਈ ਵੀਲ੍ਹ ਚੇਅਰ, ਰੈਂਪ, ਬਰੇਲ ਲਿੱਪੀ, ਪਿੱਕ ਐਂਡ ਡਰਾਪ ਸੁਵਿਧਾ, ਬੱਚਿਆਂ ਵਾਸਤੇ ਕਰੈੱਚ ਆਦਿ।ਇਸ ਮੌਕੇ ਹਰਦੀਪ ਕੋਰ ਸਹਾਇਕ ਪ੍ਰੋਫੈਸਰ ਬੀ.ਐਲ.ਐਮ ਗਰਲਜ਼ ਕਾਲਜ਼ ਦੁਆਰਾ ਵਿਦਿਆਰਥੀਆਂ ਨੂੰ ਵੋਟਰ ਪ੍ਰਣ ਦਵਾਇਆ ਗਿਆ। ਸਕੂਲ ਦੇ ਇੰਚਾਰਜ ਹਿਤੇਸ਼ ਸਹਿਗਲ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਇਸ ਵਾਰ ਚੋਣਾਂ ਦਾ ਪਰਵ-ਦੇਸ਼ ਦਾ ਗਰਵ ਲੋਕ ਸਭਾ ਚੋਣਾਂ ਵਿੱਚ ਆਓ ਅਸੀਂ ਸਾਰੇ ਆਪਣਾ ਬਣਦਾ ਯੋਗਦਾਨ ਪਾਈਏ। ਇਸ ਮੌਕੇ ਕੁਲਵਿੰਦਰ ਲਾਲ, ਸ਼ੰਕਰ ਦਾਸ, ਅਜੈ ਕੁਮਾਰ, ਪ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

# ਪਾਥਵੇਅਜ ਗਲੋਬਲ ਸਕੂਲ ਦੇ ਹੈਰੀਟੇਜ ਫੈਸਟੀਵਲ ਨੇ ਇਲਾਕੇ 'ਚ ਪਾਈਆਂ ਧੂਮਾਂ

## ਪ੍ਰੋਗਰਾਮ 'ਚ ਐਮ ਐਲ ਏ ਦਵਿੰਦਰਜੀਤ ਲਾਡੀ ਢੋਸ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ








ਕੋਟ ਈਸੇ ਖਾਂ-(ਅਰੋੜਾ)- ਪਾਥਵੇਅਜ ਗਲੋਬਲ ਸਕੂਲ ਕੋਟ ਈਸੇ ਖਾਂ ਜੋ ਇਲਾਕੇ ਦਾ ਨਾਮਵਾਰ ਆਈ ਸੀ ਐਸ ਈ ਦਿੱਲੀ ਬੋਰਡ ਦਾ ਮਾਨਤਾ ਪ੍ਰਾਪਤ ਸਕੂਲ ਹੈ। ਪਾਥਵੇਅਜ ਨੇ ਸ਼ਾਨਦਾਰ ਹੈਰੀਟੇਜ ਫੈਸਟੀਵਲ ਕਰਕੇ ਇਲਾਕੇ ਚ ਧੁਮਾਂ ਪਾ ਦਿੱਤੀਆਂ ਹਨ। ਇਸ ਪ੍ਰੋਗਰਾਮ ਚ ਹਲਕਾ ਧਰਮਕੋਟ ਦੇ ਐਮ ਐਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਪਾਥਵੇਅਜ ਨੇ ਆਪਣੇ ਵਿਹੜੇ ਚ ਅੱਜ ਪੁਰਾਣੇ ਪੰਜਾਬ ਦੀ ਝਲਕ ਦਿਖਾਈ ਜਿਸ ਚ ਪੰਜਾਬੀ ਸਭਿਆਚਾਰ ਦੀ ਝਲਕ ਦਿਖਾਉਂਦੇ ਗੱਡੇ ,ਚਰਖੇ ,ਮਦਾਨੀਆਂ, ਪਿੱਤਲ ਦੇ ਭਾਂਡੇ ਟਰੈਕਟਰ, ਘੋੜੇ, ਝੂਲੇ ਆਦਿ ਦਾ ਦ੍ਰਿਸ਼ ਪਾਥਵੇਅਜ ਦੇ ਵਿਹੜੇ ਚ ਦੇਖਣ ਨੂੰ ਮਿਲਿਆ। ਪਾਥਵੇਅਜ ਦਾ ਫੈਸਟੀਵਲ ਇਲਾਕੇ ਚ ਨਿਵੇਕਲੀ ਪੈੜ ਛੱਡਦਾ ਸਮਾਪਤ ਹੋਇਆ। ਅੱਜ ਦੇ ਸਮਾਗਮ ਚ ਗਿੱਧੇ ਭੰਗੜੇ ਦੇ ਵਿਦਿਆਰਥੀਆ ਅਤੇ ਵਿਦਿਆਰਥਣਾ ਨੇ ਖੂਬ ਰੰਗ ਬੰਨ੍ਹਿਆ । ਫੈਸਟੀਵਲ ਤੋ ਪ੍ਰਭਾਵਿਤ ਹੋਏ ਐਮ ਐਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਪਾਥਵੇਅਜ ਨੇ ਇਸ ਤਰਾਂ ਦਾ ਸਮਾਗਮ ਕਰਕੇ ਮਨ ਮੋਹ ਲਿਆ

ਜਸਵਿੰਦਰ ਸਿੰਘ ਸਿੱਧੂ ਨੇ ਐਮ ਐਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਅਤੇ ਸਾਰੇ ਪਤਵੰਤਿਆਂ ਨੂੰ ਜੀ ਆਇਆ ਕਿਹਾ। ਦੱਸਿਆ ਕਿ ਪਾਥਵੇਅਜ ਨੇ ਅਕੈਡਮਿਕ ਦੇ ਨਾਲ ਆਪਣੇ ਬੱਚਿਆ ਨੂੰ ਹਰ ਤਰਾਂ ਦੇ ਐਕਟੀਵਿਟੀ ਨਾਲ ਜੋੜਿਆ ਹੋਇਆ ਹੈ। ਐਮ ਐਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਸਬੋਧਨ ਕਰਦਿਆ ਕਿਹਾ ਕਿ ਪਾਥਵੇਅਜ ਜੋ ਸੇਵਾਵਾ ਇਲਾਕੇ ਨੂੰ ਦੇ ਰਿਹਾ ਉਹ ਲਾਮਿਸਾਲ ਹਨ। ਪਾਥਵੇਅਜ ਇਲਾਕੇ ਦਾ ਹੀ ਨਹੀ ਮੋਗੇ ਜਿਲੇ ਦਾ ਨੰਬਰ ਵਨ ਸਕੂਲ ਹੈ। ਉਹਨਾ ਕਿਹਾ ਕਿ ਪਾਥਵੇਅਜ ਨੇ ਬਹੁਤ ਘੱਟ ਸਮੇ ਚ ਅਕੈਡਮਿਕ ,ਸਪੋਰਟਸ ਅਤੇ ਕਲਚਰਲ ਚ ਮੱਲਾਂ ਮਾਰੀਆਂ ਹਨ। ਉਹਨਾ ਕਿਹਾ ਕਿ ਕਿਸੇ ਸਕੂਲ ਚ ਇਸ ਤਰਾਂ ਦਾ ਵਿਰਾਸਤੀ ਪ੍ਰੋਗਰਾਮ ਮੈ ਪਹਿਲੀ ਵਾਰ ਦੇਖਿਆ ਜਿਸ ਚ ਬੱਚਿਆ ਨੂੰ ਉਹਨਾ ਦੇ ਸਭਿਆਚਾਰ ਨਾਲ ਜੋੜਿਆ ਗਿਆ ਹੋਵੇ। ਇਸ ਮੌਕੇ ਤੇ ਸਾਇੰਸ ਐਗਜੀਬਿਸ਼ਨ ਕਰਵਾਏ ਗਏ। ਇਸ ਪ੍ਰੋਗਰਾਮ ਵਿੱਚ ਸਾਲ 2023-24 ਦੀ ਦਸਵੀਂ ਅਤੇ ਬਾਰਵੀਂ ਕਲਾਸ ਵਿੱਚ ਵਨ ਲਾਈਵ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਜਿਨਾਂ ਵਿਦਿਆਰਥੀਆਂ ਨੇ ਨੈਸ਼ਨਲ ਲੈਵਲ ਤੇ ਖੇਡਾਂ ਵਿੱਚ ਮੱਲਾਂ ਮਾਰੀਆਂ ਸਨ ਉਹਨਾਂ ਨੂੰ ਵੀ ਪਾਥਵੇਜ਼ ਵੱਲੋਂ ਇਨਾਮ ਤਕਸੀਮ ਕੀਤੇ ਗਏ ।ਜਿਨਾ ਨੂੰ ਐਮ ਐਲ ਏ ਲਾਡੀ ਢੋਸ ਨੇ ਸਨਮਾਨਿਤ ਕੀਤਾ। ਇਸ ਮੋਕੇ ਤੇ ਪਾਥਵੇਅਜ ਗਲੋਬਲ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਪ੍ਰਧਾਨ ਡਾ ਅਨਿਲਜੀਤ ਕੰਬੋਜ ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਸਲਰ , ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ, ਸਿਮਰਨਜੀਤ ਸਿੰਘ ਸਿੱਧੂ ਅਤੇ ਮਾਨਯੋਗ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ, ਵਾਈਸ ਪ੍ਰਿੰਸੀਪਲ ਸ਼੍ਰੀ ਜਤਿੰਦਰ ਸ਼ਰਮਾ ਜੀ ਆਦਿ ਵਿਸ਼ੇਸ਼ ਤੌਰ ਤੇ ਹਾਜਰ ਰਹੇ।

# ਨਵਾਸ਼ਹਿਰ ਕੁਲਾਮ ਰੋਡ ਪਰ ਹੋਇਆ ਸਾਇਕਲ ਚੌਰੀ:ਥਾਣਾ ਮੁੱਖੀ

ਸਹੀਦ ਭਗਤ ਸਿੰਘ ਨਗਰ 28 ਅਪ੍ਰੈਲ (ਰਮੇਸ ਸਰਮਾ£ਮਨਪ੍ਰੀਤ ਵਾਸੂ)ਇਹ ਮੁਕਦਮਾ ਬਰ ਬਿਆਨ ਰਾਮਜੀ ਦਾਸ ਸਾਬਕਾ ਸਰਪੰਚ ਪੁੱਤਰ ਸਦਾ ਰਾਮ ਵਾਸੀ ਹਰਗੋਬਿੰਦ ਨਗਰ ਕਲਾਮ ਰੋਡ ਨਵਾਂਸ਼ਹਿਰ, ਥਾਣਾ ਸਿਟੀ ਨਵਾਂਸਹਿਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋ ਦਰਜ ਰਜਿਸਟਰ ਕਰਵਾਇਆ ਗਿਆ ਹੈ ਕਿ ਮੇਰੇ ਪਾਸ ਇੱਕ ਪੁਰਾਣਾ ਹੀਰੇ ਜੈਟ ਗੋਲਡ (Hero Jet Gold) ਸਾਇਕਲ ਕਾਲਾ ਸੀ ਜੋ ਵਕਤ ਕਰੀਬ 10:00 ਵਜੇ ਸਵੇਰੇ ਮੈਂ ਆਪਣੇ ਘਰ ਦੇ ਬਾਹਰ ਖੜ੍ਹਾ ਕੀਤਾ ਸੀ ਜਦੋ ਮੈਂ ਦੁਪਹਿਰ ਵਕਤ ਕਰੀਬ 01:00 ਵਜੇ ਘਰ ਦੇ ਬਾਹਰ ਆ ਕੇ ਦੇਖਿਆ ਤਾਂ ਮੇਰਾ ਸਾਈਕਲ ਉੱਥੇ ਮੌਜੂਦ ਨਹੀ ਸੀ। ਮੇਰੀ ਸਾਈਕਲ ਚੋਰੀ ਹੋ ਗਿਆ ਸੀ। ਤ੍ਰਿਲੋਕ ਉਰਫ ਬਦੀ ਪੁੱਤਰ ਰਮੇਸ਼ ਕੁਮਾਰ ਉਰਫ ਜੁਗਨੀ ਵਾਸੀ ਪਿੰਡ ਕੁਲਾਮ, ਥਾਣਾ ਸਿਟੀ ਨਵਾਂਸ਼ਹਿਰ, ਜਿਲ੍ਹਾ ਸ਼ਹੀਦ ਭਗਤ ਸਿੰ ਘ ਨਗਰ ਅੱਜ ਸਾਡੇ ਘਰ ਦੇ ਬਾਹਰ ਘੁਮਦਾ ਸੀ। ਜਿਸ ਪਰ ਪਹਿਲਾ ਵੀ ਚੋਰੀ ਕਰਨ ਦਾ ਕੇਸ ਹੈ। ਮੈਨੂੰ ਪੱਕਾ ਯਕੀਨ ਹੈ ਕਿ ਮੇਰਾ ਸਾਇਕਲ ਤ੍ਰਿਲੋਕ ਉਰਫ ਬੂੰਦੀ ਉਕਤ ਨੇ ਹੀ ਚੁੱਕਿਆ ਹੈ। ਜਿਸਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਕੇ ਮੇਰਾ ਸਾਇਕਲ ਬਰਾਮਦ ਕਰਵਾਇਆ ਜਾਵੇ ਜੀ।ਜਿਸਤੇ ਉਕਤ ਦੋਸੀ ਦੇ ਖਿਲਾਫ ਉਕਤ ਮੁਕਦਮਾ ਏ ਐਸ ਆਈ ਹਰਜਿੰਦਰ ਸਿੰਘ ਵੱਲੋ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਦੀ ਗਈ।



publisher/chief Editor
**Aman Mehra**
lok bani (news Paper)
lokbani08@gmail.com
www.lokbani.com
**mob:99155-94111**

**Head Office:**
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

Website : www.lokbani.com
lokbani08@gmail.com

# ਰੋਜਾਨਾ ਸਵੇਰ ਫੁੱਟਬਾਲ ਕਲੱਬ ਦੇ ਸਟਾਰ ਖਿਡਾਰੀ ਰਾਜਵੀਰ ਨੇ ਨਿਉਜੀਲੈਂਡ ਜਾਣ ਦੀ ਖੁਸ਼ੀ ਵਿੱਚ ਫੁੱਟਬਾਲ ਮੈਚ ਕਰਵਾਇਆ

## ਕੋਈ ਵੀ ਵੀਰ ਰੋਜ਼ਾਨਾ ਸਵੇਰ ਫੁੱਟਬਾਲ ਕਲੱਬ ਵਿਚ ਸਵੇਰੇ ਖੇਡ ਸਕਦਾ : ਪ੍ਰਧਾਨ ਅਜੇ ਮਹਿਰਾ, ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰਹਿਣ ਲਈ ਖੇਡਾਂ ਵਾਲੇ ਪਾਸੇ ਲੱਗੇ : ਤਰਸੇਮ ਲਾਲ

ਸਹੀਦ ਭਗਤ ਸਿੰਘ ਨਗਰ 27 ਅ੍ਰਪੈਲ (ਰਮੇਸ ਸਰਮਾ/ਮਨਪ੍ਰੀਤ ਵਾਸੂ)ਰੋਜ਼ਾਨਾ ਸਵੇਰੇ ਫੁੱਟਬਾਲ ਕਲੱਬ ਨਵਾਂਸ਼ਹਿਰ ਦੇ ਪ੍ਰਧਾਨ ਅਜੇ ਮਹਿਰਾ ਜੀ ਦੀ ਅਗਵਾਈ ਵਿੱਚ ਰੋਜ਼ਾਨਾ ਸਵੇਰ ਫੁੱਟਬਾਲ ਕਲੱਬ ਦੇ ਸਟਾਰ ਖਿਡਾਰੀ ਰਾਜਵੀਰ ਨੇ ਨਿਊਜ਼ੀਲੈਂਡ ਜਾਣ ਦੀ ਖੁਸੀ ਵਿੱਚ ਫੁੱਟਬਾਲ ਮੈਚ ਆਰ ਕੇ ਆਰੀਆ ਕਾਲਜ ਦੀ ਗਰਾਊਂਡ ਵਿੱਚ ਕਰਵਾਇਆ। ਇਸ ਸਬੰਧੀ ਕਲੱਬ ਦੇ ਚੇਅਰਮੈਨ ਤਰਸੇਮ ਲਾਲ ਡਿਪਟੀ ਸਮੂਹ ਸਿੱਖਿਆ ਅਤੇ ਸੂਚਨਾ ਅਫ਼ਸਰ ਨੇ ਦੱਸਿਆ ਕਿ ਅੱਜ ਿ?ਹ ਮੇਚ ਅਜੇ ਇਲੈਵਨ ਅਤੇ ਅਵਤਾਰ ਸਿੰਘ ਇਲੈਵਨ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਦੇ ਪਹਿਲੇ ਹਾਫ਼ ਵਿੱਚ ਅਵਤਾਰ ਸਿੰਘ ਇਲੈਵਨ ਵਲੋ , ਮਿੰਟਾ ਗੁੱਜਰਪੁਰੀਆ, ,ਤਰਸੇਮ ਲਾਲ, ਧੀਰਜ ਕੁਮਾਰ,ਮੰਜੂ ਬਾਲੀ ,ਵਿਸਾਲ ਗੂਰੁ ,ਹਰਸ ਬੱਬਰ, ਵਰਿੰਦਰ ਸਿੰਘ, ਕਮਲਜੀਤ ਕਾਕੂ ,ਵਲੋ ਵਧੀਆ ਬਾਲ ਬਣਾਉਂਦੇ ਹੋਏ ਇੱਕ ਬਾਲ ਮਿੰਟਾ ਗੁਜਰਪੁਰੀਆ ਨੂੰ ਪਾਇਆ ਤੇ ਉਸ ਨੇ ਬਹੁਤ ਵਧੀਆ ਛੂਟ ਲਗਾ ਕੇ ਗੋਲ ਕੀਤਾ ।ਦੁਸਰੇ ਹਾਫ ਵਿੱਚ ਅਜੇ ਇਲੈਵਨ ਦੀ ਟੀਮ ਦੇ ਖਿਡਾਰੀਆ ਅਯੂਸ ਗੰਗੜ,




ਸਰਬਜੀਤ ਸਿੰਘ, ਅਜੇ ਸਰੀਨ, ਮੁਖਤਿਆਰ ਰਾਏ, ਰਾਜਵੀਰ ਸਿੰਘ, ਜੱਸ, ਪਾਸਿੰਗ ਬਣਾਉਂਦੇ ਹੋਏ , ਨੇ ਇੱਕ ਬਾਲ ਅਯੂਸ ਗੰਗੜ ਨੂੰਨੂੰ ਪਾਇਆ ਤੇ ਉਸ ਨੇ ਬਹੁਤ ਹੀ ਵਧੀਆ ਛੂਟ ਲਗਾ ਕੇ ਗੋਲ ਕੀਤਾ ਇਸ ਤੋ ਬਾਅਦ ਉਸ ਨੇ ਇੱਕ ਦੇ ਬਾਅਦ ਇੱਕ ਗੋਲ ਕਰਦੇ 4 ਗੋਲ ਕੀਤੇ ਤੇ ਅਵਤਾਰ ਸਿੰਘ ਦੀ ਟੀਮ ਨੇ ਬਾਲ ਬਣਾਉਦੇ ਹੋਏ ਇੱਕ ਬਾਲ ਧੀਰਜ ਕੁਮਾਰ ਨੂੰ ਪਾਇਆ ਤੇ ਉਸ ਵਲੋ ਬਹੁਤ ਹੀ ਵਧੀਆ ਛੂਟ ਲਗਾ ਕੇ ਗੋਲ ਕੀਤਾ ਗਿਆ । ਹੁਣ ਅਵਤਾਰ ਸਿੰਘ ਦੀ ਟੀਮ ਵਲੋ ਵਧੀਆ ਪਾਸ ਬਣਾਉਂਦੇ ਹੋਏ ਇੱਕ ਬਾਲ ਵਰਿੰਦਰ ਸਿੰਘ ਨੂੰ ਛੱਡਿਆ ਤੇ ਉਸ ਨੇ ਬਹੁਤ ਵਧੀਆ ਛੂਟ ਲਗਾ ਕੇ ਗੋਲ ਕੀਤਾ ਗਿਆ । ਹੁਣ ਅਵਤਾਰ ਸਿੰਘ ਦੀ ਟੀਮ ਵਲੋ ਪਾਸ ਬਣਾਉਂਦੇ ਹੋਏ ਇੱਕ ਦੇ ਬਾਅਦ ਇੱਕ ਗੋਲ ਕੀਤੇ ਗਏ । ਜਿਸ ਵਿੱਚ 2 ਗੋਲ ਧੀਰਜ ਕੁਮਾਰ ਵਲੋ ਇੱਕ ਗੋਲ ਕਮਲਜੀਤ ਕਾਕੂ ਤੇ ਇੱਕ ਗੋਲ ਮੰਜੂ ਬਾਲੀ ਵਲੋ ਵੀ ਕੀਤਾ ਗਿਆ । ਇਸ ਤੋ ਬਾਅਦ ਅਜੇ ਦੀ ਟੀਮ ਵਲੋ ਹੋਰ ਗੋਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਮਿੰਟਾ ਗੁੱਜਰਪੁਰੀਆ ਤੇ ਤਰਸੇਮ ਲਾਲ ਦੀ ਵਧੀਆ ਡਿਫੈਸ ਕਰਕੇ ਉਹ ਕੋਈ ਹੋਰ ਗੋਲ ਨਹੀ ਕਰ ਸਕੇ । ਇਸ ਤਰ੍ਹਾਂ ਬਾਕੀ ਮੈਚ ਵਿੱਚ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਇਸ ਤਰਾ ਮੈਚ ਦਾ ਸਮਾ ਸਮਾਪਤ ਹੋ ਗਿਆ ਤੇ ਮੈਚ 6-4 ਤੇ ਅਵਤਾਰ ਸਿੰਘ ਦੀ ਟੀਮ ਵਲੋ ਜਿੱਤ ਲਿਆ ਗਿਆ ।ਇਸ ਮੈਚ ਦੇ ਰੈਫਰੀ ਰਿਟਾਇਰਡ ਐਸ. ਡੀ. ਓ. ਰਘੁਵਿੰਦਰ ਪਾਲ ਸਿੰਘ ਵਲੋ ਰੈਫਰੀ ਦੀ ਵਧੀਆ ਭੂਮਿਕਾ ਨਿਭਾਈ ਗਈ । ਰੋਜਾਨਾ ਸਵੇਰ ਫੁੱਟਬਾਲ ਕਲੱਬ ਦੇ ਸਮੂਹ ਖਿਡਾਰੀਆ ਵਲੋ ਤਾੜੀਆ ਵਜਾ ਕੇ ਰਾਜਵੀਰ ਨੂੰ ਨਿਉਜੀਲੈਂਡ ਜਾਣ ਦੀਆ ਵਧਾਈਆ ਦਿੱਤੀਆ ।ਰਾਜਵੀਰ ਵਲੋ ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ । ਇਸ ਮੌਕੇ ਤਰਸੇਮ ਲਾਲ ਅਤੇ ਅਜੇ ਮਹਿਰਾ ਨੇ ਆਰ ਕੇ ਆਰੀਆ ਕਾਲਜ ਦੇ ਪ੍ਰਿੰਸੀਪਲ ਸੰਜੀਵ ਡਾਬਰ ਅਤੇ ਆਰ ਕੇ ਆਰੀਆ ਕਾਲਜ ਸੋਸਾਇਟੀ ਪ੍ਰਧਾਨ ਵਿਨੋਦ ਭਾਰਦਵਾਜ ਜੀ ਦਾ ਆਪਣੀ ਕਲੱਬ ਵੱਲੋ ਉਨ੍ਹਾਂ ਦੇ ਭਰਪੂਰ ਸਹਿਜੋਗ ਲਈ ਧੰਨਵਾਦ ਕੀਤਾ। ਤਰਸੇਮ ਲਾਲ ਨੇ ਦੱਸਿਆ ਕਿ ਸਾਡੀ ਕਲੱਬ ਦੀ ਕੋਸਿਸ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਖੇਡਾਂ ਵਾਲੇ ਪਾਸੇ ਲੱਗ ਕੇ ਨਸ਼ਿਆਂ ਤੋਂ ਦੂਰ ਰਹਿ ਸਕਦੀ ਅਤੇ ਆਪਣੇ ਦੇਸ ਦੀ ਤਰੱਕੀ ਵਿੱਚ ਹਿੱਸਾ ਪਾ ਸਕਦੀ ਹੈ। ਇਸ ਮੌਕੇ ਸਮੂਹ ਪ੍ਰਬੰਧਕਾਂ ਤੇ, ਰੋਜ਼ਾਨਾ ਸਵੇਰੇ ਫੁੱਟਬਾਲ ਕਲੱਬ ਦੇ , ਨਵੇਂ ਤੇ ਪੁਰਾਣੇ ਸਮੂਹ ਖਿਡਾਰੀਆ ਵਲੋ ਸੰਪੂਰਨ ਸਹਿਜੋਗ ਦਿੱਤਾ ਗਿਆ।

# ਅਸਮਾਨ ਤੋਂ ਹੋ ਰਹੀ ਅੱਗ, ਯੂਪੀ ਵਿੱਚ ਘੱਟ ਵੋਟਿੰਗ ਦਾ ਕਾਰਨ ਬਣ ਸਕਦੀ ਹੈ ਉਮੀਦਵਾਰ ਚਿੰਤਤ

## ਅਸਮਾਨ ਤੋਂ ਮੀਂਹ ਦਾ ਮੀਂਹ ਵੋਟਰਾਂ ਦੇ ਸੰਪਰਕ 'ਚ ਅੜਿੱਕਾ ਬਣ ਰਿਹਾ ਹੈ, ਸੈਂਕੜੇ ਬਿਮਾਰ

**ਕਾਨਪੁਰ ਸੁਨੀਲ ਬਾਜਪਾਈ-** ਪਿਛਲੇ 2 ਦਿਨਾਂ ਤੋਂ ਅਸਮਾਨ ਤੋਂ ਅੱਗ ਦੀ ਵਰਖਾ ਹੋ ਰਹੀ ਹੈ। ਜਿਸ ਤਰ੍ਹਾਂ ਸੂਰਜ ਭਗਵਾਨ ਵੱਲੋਂ ਧਰਤੀ 'ਤੇ ਭੇਜੇ ਗਏ ਅੱਗ ਦੇ ਇਹ ਗੋਲੇ ਤਾਪਮਾਨ ਨੂੰ ਲਗਾਤਾਰ ਵਧਾਉਣ 'ਚ ਸਫਲ ਹੋ ਰਹੇ ਹਨ। ਇਸ ਨਾਲ ਲੋਕ ਸਭਾ ਲਈ ਬਾਕੀ ਰਹਿੰਦੀ ਵੋਟਿੰਗ ਵਿੱਚ ਵੀ ਭਾਰੀ ਵਿਘਨ ਪੈ ਸਕਦਾ ਹੈ। ਭਾਵ ਲੋਕ ਸਭਾ ਹਲਕਿਆਂ ਵਿੱਚ ਜਿਸ ਦਿਨ ਵੀ ਵੋਟਿੰਗ ਹੋਵੇਗੀ। ਉੱਥੇ ਹੀ ਸੂਰਜ ਦੇਵਤਾ ਦੀ ਗਰਮੀ ਲੋਕਾਂ ਨੂੰ ਘਰਾਂ 'ਚ ਬੈਠਣ ਲਈ ਮਜ਼ਬੂਰ ਕਰ ਸਕਦੀ ਹੈ ਅਤੇ ਉਨ੍ਹਾਂ ਨੂੰ ਪੋਲਿੰਗ ਸਥਾਨ ਵੱਲ ਵਧਣ ਤੋਂ ਰੋਕ ਸਕਦੀ ਹੈ, ਜਿਸ ਦੇ ਨਤੀਜੇ ਵਜੋਂ ਇਸ ਦਾ ਵੱਡਾ ਅਸਰ ਘੱਟ ਮਤਦਾਨ ਦੇ ਰੂਪ 'ਚ ਵੀ ਦੇਖਣ ਨੂੰ ਮਿਲ ਸਕਦਾ ਹੈ। ਜਿਸ ਕਾਰਨ ਲਗਭਗ ਸਾਰੀਆਂ ਪਾਰਟੀਆਂ ਦੇ ਉਮੀਦਵਾਰ ਇਸ ਸਥਿਤੀ ਤੋਂ ਕਾਫੀ ਚਿੰਤਤ ਹਨ।




ਇਸ ਦੇ ਨਾਲ ਹੀ ਵੈਸਾਖ ਵਿੱਚ ਵੱਧ ਰਿਹਾ ਤਾਪਮਾਨ ਅਤੇ ਗਰਮ ਹਵਾਵਾਂ ਬੱਚਿਆਂ ਨੂੰ ਬਿਮਾਰ ਕਰ ਰਹੀਆਂ ਹਨ। ਬਾਲਗ ਵੀ ਡੀਹਾਈਡਰੇਸ਼ਨ ਦਾ ਸ਼ਿਕਾਰ ਹੋ ਰਹੇ ਹਨ। ਹਸਪਤਾਲਾਂ ਦੀ ਓਪੀਡੀ ਵਿੱਚ ਮਰੀਜ਼ਾਂ ਦੀ ਕਤਾਰ ਲੱਗੀ ਹੋਈ ਹੈ।

ਇਸ ਦੌਰਾਨ ਮੌਸਮ ਵਿਭਾਗ ਨੇ ਵੀ ਗਰਮੀ ਦਾ ਕਹਿਰ ਜਾਰੀ ਰਹਿਣ ਦੀ ਭਵਿੱਖਬਾਣੀ ਕੀਤੀ ਹੈ। ਜਿਸ ਦੇ ਅਨੁਸਾਰ ਹੁਣ ਸੂਰਜ ਦੇ ਕਠੋਰ ਰਵੱਈਏ ਤੋਂ ਪ੍ਰੇਸ਼ਾਨ ਲੋਕਾਂ ਦੀਆਂ ਮੁਸ਼ਕਲਾਂ ਵਧਣਗੀਆਂ। ਪਿਛਲੇ ਹਫਤੇ ਤਾਪਮਾਨ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਜਿਸ ਕਾਰਨ ਡਾਇਰੀਆ ਅਤੇ ਡੀਹਾਈਡ੍ਰੇਸ਼ਨ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ। ਉਲਟੀਆਂ, ਦਸਤ, ਸਿਰ ਦਰਦ, ਬੇਚੈਨੀ ਅਤੇ ਘਬਰਾਹਟ ਦੇ ਮਰੀਜ਼ਾਂ ਦੀ ਗਿਣਤੀ ਵਧਣ ਲੱਗੀ ਹੈ। ਇਲੈਕਟ੍ਰੋਲਾਈਟ ਦੀ ਕਮੀ ਕਾਰਨ ਪੇਟ ਦਰਦ ਦੀ ਸਮੱਸਿਆ ਵੀ ਵਧਦੀ ਜਾ ਰਹੀ ਹੈ। ਜਿੱਥੋਂ ਤੱਕ ਚੱਲ ਰਹੀਆਂ ਲੋਕ ਸਭਾ ਚੋਣਾਂ ਦਾ ਸਬੰਧ ਹੈ। ਇਸ ਕੜਕਦੀ ਧੁੱਪ ਅਤੇ ਗਰਮੀ ਦਾ ਅਸਰ ਹੁਣ ਲੋਕ ਸਭਾ ਚੋਣਾਂ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਅਸਮਾਨ 'ਚ ਤਾਪਮਾਨ ਦਿਨ-ਬ-ਦਿਨ ਵੱਧ ਰਿਹਾ ਹੈ ਪਰ ਵੋਟਰਾਂ ਦੀ ਲਾਪ੍ਰਵਾਹੀ ਕਾਰਨ ਚੋਣਾਂ 'ਚ ਤਾਪਮਾਨ 'ਚ ਵਾਧਾ ਨਹੀਂ ਹੋ ਰਿਹਾ। ਅਤੇ ਜਿਸ ਤਰ੍ਹਾਂ ਤਪਦੀ ਗਰਮੀ ਆਪਣਾ ਅਸਰ ਦਿਖਾ ਰਹੀ ਹੈ, ਉਸ ਨਾਲ ਲਗਭਗ ਪੂਰਾ ਉੱਤਰ ਪ੍ਰਦੇਸ਼ ਘਟਦੀ ਵੋਟ ਪ੍ਰਤੀਸ਼ਤਤਾ ਦੀ ਲਪੇਟ ਵਿਚ ਆ ਸਕਦਾ ਹੈ, ਜਿਸ ਨੂੰ ਲੈ ਕੇ ਹਰ ਪਾਰਟੀ ਦੇ ਉਮੀਦਵਾਰ ਚਿੰਤਤ ਨਜ਼ਰ ਆ ਰਹੇ ਹਨ।

# ਮੋਹਾਲੀ ਪ੍ਰੈੱਸ ਕਲੱਬ ਵੱਲੋਂ ਪੱਤਰਕਾਰ ਰਜਿੰਦਰ ਤੱਗੜ ਨੂੰ ਝੂਠੇ ਕੇਸ 'ਚ ਫਸਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ




ਮੋਹਾਲੀ, : ਸੀਨੀਅਰ ਪੱਤਰਕਾਰ ਰਜਿੰਦਰ ਸਿੰਘ ਤੱਗੜ ਦੀ ਗ੍ਰਿਫ਼ਤਾਰੀ ਮਾਮਲੇ ਵਿਚ ਅੱਜ ਮੋਹਾਲੀ ਪ੍ਰੈੱਸ ਕਲੱਬ ਦੀ ਗਵਰਨਿੰਗ ਬਾਡੀ ਦੀ ਮੀਟਿੰਗ ਕੀਤੀ ਗਈ। ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਦੀ ਅਗਵਾਈ ਵਿਚ ਹੋਈ ਇਸ ਮੀਟਿੰਗ ਵਿੱਚ ਪੱਤਰਕਾਰ ਰਜਿੰਦਰ ਸਿੰਘ ਤੱਗੜ ਨੂੰ ਮੋਹਾਲੀ ਪੁਲਿਸ ਵਲੋਂ ਝੂਠੇ ਕੇਸ ਵਿੱਚ ਫਸਾਉਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਉਹਨਾਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਦੀ ਇਹ ਕਾਰਵਾਈ ਸਿੱਧੇ ਤੌਰ ਉਤੇ ਪੱਤਰਕਾਰਤਾ ਅਤੇ ਪ੍ਰੈਸ ਦੀ ਆਜ਼ਾਦੀ ਉਤੇ ਹਮਲਾ ਹੈ। ਦੱਸਣਯੋਗ ਹੈ ਕਿ ਰਜਿੰਦਰ ਸਿੰਘ ਤੱਗੜ ਨੇ ਪਿਛਲੇ ਕਾਫੀ ਸਮੇਂ ਤੋਂ ਪ੍ਰਸ਼ਾਸਨ ਖਾਸ ਕਰਕੇ ਪੁਲਿਸ ਵੱਲੋਂ ਲੋਕਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਖਿਲਾਫ਼ ਆਪਣੇ ਚੈਨਲ 'ਪੰਜਾਬ ਦਸਤਾਵੇਜ਼' ਰਾਹੀਂ ਪੁਲਿਸ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਵਿਰੁੱਧ ਅਵਾਜ਼ ਬੁਲੰਦ ਕਰ ਰਹੇ ਸਨ। ਮੀਟਿੰਗ ਵਿਚ ਫੈਸਲਾ ਕਰਦਿਆਂ ਇਹ ਮੰਗ ਕੀਤੀ ਗਈ ਕਿ ਪੱਤਰਕਾਰ ਰਜਿੰਦਰ ਤੱਗੜ ਉਤੇ ਪਾਇਆ ਝੂਠਾ ਪੁਲਿਸ ਕੇਸ ਤੁਰੰਤ ਵਾਪਸ ਲਿਆ ਜਾਵੇ ਅਤੇ ਜੇਕਰ ਸ੍ਰੀ ਤੱਗੜ ਉਤੇ ਪਾਇਆ ਕੇਸ ਵਾਪਸ ਨਾ ਲਿਆ ਗਿਆ ਤਾਂ ਮੋਹਾਲੀ ਪ੍ਰੈੱਸ ਕਲੱਬ ਅਤੇ ਸਮੂਹ ਪੱਤਰਕਾਰ ਭਾਈਚਾਰਾ, ਜਮਹੂਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢੇਗਾ।

Website : www.lokbani.com
lokbani08@gmail.com

# ਲਾਡੀ ਬਾਠ ਪੰਜਾਬ ਕਿਸਾਨ ਕਾਂਗਰਸ ਦੇ ਸੈਕਟਰੀ ਨਿਯੁਕਤ

ਸ੍ਰੀ ਗੋਇੰਦਵਾਲ ਸਾਹਿਬ- ਮਿਹਨਤੀ ਵਰਕਰਾਂ ਨੂੰ ਬਣਦਾ ਮਾਣ ਸਨਮਾਨ ਦੇਣਾ ਪਾਰਟੀ ਦਾ ਫਰਜ਼ : ਰਾਏ ਪੰਜਾਬ ਕਿਸਾਨ ਕਾਂਗਰਸ ਸੈੱਲ ਵੱਲੋਂ ਸੂਬੇ ਭਰ ਵਿਚ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਐਲਾਨੀ ਗਈ ਸੂਚੀ ਵਿੱਚ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਨਾਲ ਸਬੰਧਿਤ ਨੌਜਵਾਨ ਆਗੂ ਹਰਵਿੰਦਰ ਸਿੰਘ ਲਾਡੀ ਬਾਠ ਨੂੰ ਪੰਜਾਬ ਕਿਸਾਨ ਕਾਂਗਰਸ ਦਾ ਸੈਕਟਰੀ ਬਣਾਇਆ ਗਿਆ ਹੈ। ਇਸ ਨਿਯੁਕਤੀ ਨੂੰ ਲੈ ਕੇ ਉਨ੍ਹਾਂ ਦੇ ਸਮਰਥਕਾਂ ਵਿਚ ਖ਼ੁਸ਼ੀ ਦਾ ਮਾਹੌਲ ਹੈ। ਅੱਜ ਉਹਨਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਗੁਲਵਿੰਦਰ ਸਿੰਘ ਰਾਏ ਜ਼ਿਲ੍ਹਾ ਮੀਤ ਪ੍ਰਧਾਨ , ਸਵਰਨ ਸਿੰਘ ਸਰਪੰਚ ਧੂੰਦਾ ,ਡਾਇਰੈਕਟਰ ਬਲਵਿੰਦਰ ਸਿੰਘ ਨੀਲਾ ਅਤੇ ਪਲਵਿੰਦਰ ਸਿੰਘ ਫੌਜੀ ਨੇ ਸਾਰੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ । ਇਸ ਮੌਕੇ ਵਿਸ਼ੇਸ਼ ਤੌਰ ਤੇ ਸਾਬਕਾ ਵਿਧਾਇਕ ਸ੍ ਰਮਨਜੀਤ ਸਿੰਘ ਸਿੱਕੀ ਦਾ ਧੰਨਵਾਦ ਕਰਦਿਆਂ ਨਵ ਨਿਯੁਕਤ ਸਕਤੱਰ ਲਾਡੀ ਬਾਠ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਵੱਲੋ ਦਿੱਤੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਲਗਨ ਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਕਿਸਾਨੀ ਮਸਲੇ ਹੱਲ ਕਰਵਾਉਣ ਲਈ ਯਤਨਸ਼ੀਲ ਰਹਿਣਗੇ ਅਤੇ ਇਸ ਅਹੁਦੇ ਦੀ ਮਾਣ ਮਰਿਆਦਾ ਨੂੰ ਹਮੇਸ਼ਾ ਕਾਇਮ ਰੱਖਣਗੇ । ਉਹਨਾਂ ਕਿਹਾ ਕਿ ਉਹ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਭਾਰਤੀ ਕਿਸਾਨ ਕਾਂਗਰਸ ਸੈੱਲ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ,ਪੰਜਾਬ ਕਿਸਾਨ ਕਾਂਗਰਸ ਸੈੱਲ ਦੇ ਪ੍ਰਧਾਨ ਕਿਰਨਜੀਤ ਸਿੰਘ ਮਿੱਠਾ ਤੇ ਜਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਦਾ ਵੀ ਧੰਨਵਾਦ ਕਰਦੇ ਹਨ ਜਿਨਾਂ ਨੇ ਮੈਨੂੰ ਪੰਜਾਬ ਕਿਸਾਨ ਕਾਂਗਰਸ ਸੈੱਲ ਦਾ ਸੂਬਾ ਸਕੱਤਰ ਬਣਾ ਕੇ ਮਾਣ ਬਖਸ਼ਿਆ ਹੈ ।ਮੈਂ ਵਿਸ਼ਵਾਸ਼ ਦਿਵਾਉਦਾਂ ਹਾਂ ਮੈਂ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ । ਇਸ ਮੌਕੇ ਜ਼ਿਲਾ ਮੀਤ ਪ੍ਰਧਾਨ ਗੁਲਵਿੰਦਰ ਸਿੰਘ ਰਾਏ ਨੇ ਲਾਡੀ ਬਾਠ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਲਕਾ ਖਡੂਰ ਸਾਹਿਬ ਦਾ ਨੌਜਵਾਨ ਆਗੂ ਲਾਡੀ ਬਾਠ ਪਾਰਟੀ ਦਾ ਵਫਾਦਾਰ ਅਤੇ ਨਿਧੜਕ ਆਗੂ ਹੈ । ਉਹਨਾਂ ਕਿਹਾ ਕਿ ਕਾਂਗਰਸ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਸਿਫਾਰਸ਼ 'ਤੇ ਉਨ੍ਹਾਂ ਦੀ ਪਾਰਟੀ ਲਈ ਮਿਹਨਤ ਨੂੰ ਵੇਖਦਿਆਂ ਪੰਜਾਬ ਕਾਂਗਰਸ ਕਿਸਾਨ ਸੈੱਲ ਦਾ ਸਕਤੱਰ ਨਿਯੁਕਤ ਕੀਤਾ ਗਿਆ ਹੈ । ਉਨ੍ਹਾ ਆਖਿਆ ਕਿ ਪਾਰਟੀ ਹਮੇਸ਼ਾ ਮਿਹਨਤੀ ਵਰਕਰਾਂ ਦੀ ਮਿਹਨਤ ਦਾ ਪੂਰਾ ਮੁੱਲ ਪਾਉਂਦੀ ਹੈ ਅਤੇ ਮਿਹਨਤੀ ਵਰਕਰਾਂ ਨੂੰ ਬਣਦੇ ਅਹੁਦੇ ਦਿੰਦੀ ਰਹਿੰਦੀ ਹੈ । ਇਸ ਮੌਕੇ ਵਧਾਈ ਦੇਣ ਵਾਲਿਆਂ ਵਿੱਚ ਦਾਦੀ ਸੁਰਜੀਤ ਕੌਰ ,ਤਰਲੋਕ ਸਿੰਘ , ਮਨਦੀਪ ਕੌਰ ,ਰਸ਼ਪਾਲ ਕੌਰ, ਰਜਵੰਤ ਕੌਰ ,ਹਰਵਿੰਦਰ ਕੌਰ ,ਨਰਿੰਦਰ ਕੌਰ, ਹਰਪਾਲ ਸਿੰਘ, ਸ਼ਮਸ਼ੇਰ ਸਿੰਘ ,ਰਾਜਵੀਰ ਕੌਰ ,ਜਸਪਾਲ ਸਿੰਘ, ਹਰਜਿੰਦਰ ਕੌਰ, ਅਮਰਜੀਤ ਕੌਰ ,ਕਰਮਜੀਤ ਕੌਰ ,ਰਾਜਵੀਰ ਕੌਰ ਸੰਧੂ, ਮੁਖਤਿਆਰ ਸਿੰਘ , ਧਰਮਿੰਦਰ ਸਿੰਘ , ਜਸਪਾਲ ਸਿੰਘ , ਅਮਰਜੀਤ ਕੌਰ , ਗੁਰਜਸਕਰਨ ਸਿੰਘ , ਰਣਵੀਰ ਸਿੰਘ ,ਨਿੰਦਰ ਕੌਰ ਅਤੇ ਚੰਚਲ ਸਿੰਘ



## ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਪੱਤਰਕਾਰ ਸਰਬਜੀਤ ਸਿੰਘ ਪੰਧੇਰ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਜੈਤੋ,, :- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੀਨੀਅਰ ਪੱਤਰਕਾਰ ਸ੍ਰੀ ਸਰਬਜੀਤ ਸਿੰਘ ਪੰਧੇਰ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਅੱਜ ਜਾਰੀ ਬਿਆਨ ਵਿੱਚ ਵਿਧਾਨ ਸਭਾ ਸਪੀਕਰ ਨੇ ਕਿਹਾ ਕਿ ਸਰਬਜੀਤ ਸਿੰਘ ਪੰਧੇਰ ਨਾ ਸਿਰਫ ਨਾਮਵਰ ਪੱਤਰਕਾਰ ਸਨ, ਸਗੋਂ ਇੱਕ ਸੁਲਝੇ ਹੋਏ, ਸਿਆਣੇ ਅਤੇ ਜ਼ਿੰਦਾਦਿਲ ਇਨਸਾਨ ਸਨ। ਉਹ ਬਤੌਰ ਪੱਤਰਕਾਰ 'ਦਿ ਹਿੰਦੂ'ਅਖ਼ਬਾਰ ਨਾਲ ਜੁੜੇ ਹੋਏ ਸਨ। ਸੰਧਵਾਂ ਨੇ ਕਿਹਾ ਕਿ ਸ੍ਰੀ ਪੰਧੇਰ ਦਾ ਚਲੇ ਜਾਣਾ ਮੀਡੀਆ ਭਾਈਚਾਰੇ ਅਤੇ ਸਮਾਜ ਲਈ ਬਹੁਤ ਵੱਡਾ ਘਾਟਾ ਹੈ ? ਉਨ੍ਹਾਂ ਕਿਹਾ ਕਿ ਸ੍ਰੀ ਪੰਧੇਰ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ ਹਮੇਸ਼ਾ ਸਤਿਕਾਰ ਨਾਲ ਯਾਦ ਕੀਤਾ ਜਾਵੇਗਾ।

ਸਪੀਕਰ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਤਮਿਕ ਸ਼ਾਂਤੀ ਤੇ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸਰਬਜੀਤ ਸਿੰਘ ਪੰਧੇਰ ਦਾ ਅੱਜ ਐਤਵਾਰ ਨੂੰ ਦਿਹਾਂਤ ਹੋ ਗਿਆ ਸੀ। ਉਹ ਕਾਫੀ ਲੰਬੇ ਸਮੇਂ ਤੋਂ ਕੈਂਸਰ ਦੀ ਬੀਮਾਰੀ ਨਾਲ ਪੀੜਤ ਸਨ ਅਤੇ ਇਲਾਜ ਅਧੀਨ ਸਨ।

## ਸਾਬਕਾ ਸਰਪੰਚ.ਮਾਸਟਰ ਸੁਰਜੀਤ ਸਿੰਘ ਦੀ ਬਰਸੀ ਮਨਾਈ ਗਈ



ਬਾਜਾਖਾਨਾ - ਨੇੜਲੇ ਪਿੰਡ ਡੋਡ ਵਿਖੇ ਸਾਬਕਾ ਸਰਪੰਚ.ਮਾਸਟਰ ਸੁਰਜੀਤ ਸਿੰਘ ਦੀ ਨਿੱਘੀ ਯਾਦ ਵਿੱਚ ਤੀਜੀ ਬਰਸੀ ਮਨਾਈ ਗਈ।ਇਸ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ ਉਪਰੰਤ ਅਰਦਾਸ ਕੀਤੀ ਗਈ। ਇਸ ਸਮਾਗਮ ਵਿੱਚ ਦਰਸ਼ਨ ਸਿੰਘ ਢਿੱਲਵਾਂ,ਕੁਲਵੰਤ ਸਿੰਘ ਮਲੂਕਾ ਨੇ ਮਾ.ਸੁਰਜੀਤ ਸਿੰਘ ਡੋਡ ਨੂੰ ਯਾਦ ਕਰ ਦਿਆ ਕਿਹਾ ਕਿ ਸਵ. ਮਾ.ਸੁਰਜੀਤ ਸਿੰਘ ਬਹੁਤ ਹੀ ਨੇਕ ਸੁਭਾਅ ਦੇ ਇਨਸਾਨ ਸਨ ।ਉਨ੍ਹਾ ਨੇ ਸਰਪੰਚੀ ਦੌਰਾਨ ਪਿੰਡ ਵਿਚ ਬੇਮਿਸਾਲ ਵਿਕਾਸ ਕਾਰਜ ਕਰਵਾਇਆ ਹੈ । ਮਾ.ਜੀ ਦਾ ਪਰਿਵਾਰ ਅੱਜ ਵੀ ਕਾਂਗਰਸ ਪਾਰਟੀ ਦੀ ਦਿਨ ਰਾਤ ਸੇਵਾ ਕਰ ਹਨ ।ਇਸ ਮੌਕੇ ਮਾਤਾ ਜਸਵਿੰਦਰ ਕੌਰ ਪਤਨੀ ਸਵ.ਮਾ.ਸੁਰਜੀਤ ਸਿੰਘ ਸਾਬਕਾ ਸਰਪੰਚ ਡੋਡ,ਸ. ਕੁਸ਼ਲਦੀਪ ਸਿੰਘ ਢਿੱਲੋ ਜੀ ਮੀਤ ਪ੍ਰਧਾਨ ਪੰਜਾਬ ਕਾਂਗਰਸ ਵੱਲੋ ਉਨਾ ਦੇ ਪੀ ਏ ਲਖਵਿੰਦਰ ਸਿੰਘ ਬਰਾੜ ,ਓਵਰਸ਼ੀਜ ਕਾਂਗਰਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਹਰਪ੍ਰੀਤ ਸਿੰਘ ਆਸਟ੍ਰੇਲੀਆ, ਸ੍ਰੀ ਪਵਨ ਗੋਇਲ ਜੀ, ਸ. ਕੁਲਵੰਤ ਸਿੰਘ ਮਲੂਕਾ ਚੇਅਰਮੈਨ ਕਲੇਰ ਇੰਟਰਨੈਸ਼ਨਲ, ਸ੍ਰੀ ਜਤਿੰਦਰ ਕੁਮਾਰ ਬਾਂਸਲ ਮੀਤ ਪ੍ਰਧਾਨ ਨਗਰ ਕੌਂਸਲ ਜੈਤੋ, ਜਸਵਿੰਦਰ ਸਿੰਘ ਮੱਤਾ ਜੀ ਕਾਂਗਰਸ ®23 ਸੈੱਲ ਪੰਜਾਬ ਜਨਰਲ ਸੈਕਟਰੀ, ਸ ਦਰਸ਼ਨ ਸਿੰਘ ਢਿੱਲਵਾ, ਸ. ਸੁਖਜੀਤ ਸਿੰਘ ਕੋਠੇ ਹਵਾਨਾ ਚੇਅਰਮੈਨ ਬਲਾਕ ਸੰਮਤੀ ਕੋਟਕਪੂਰਾ, ਗੁਰਪ੍ਰੀਤ ਸਿੰਘ ਡੋਡ ਚੇਅਰਮੈਨ ਬਲਾਕ ਸੰਮਤੀ ਜੈਤੋ, ਵਿੱਕੀ ਭਲੂਰੀਆ ਜੀ ਸਰਪੰਚ ਬਰਗਾੜੀ,ਸੁਖਜੀਤ ਸਿੰਘ ਸਰਪੰਚ ਕੋਠੇ ਹਵਾਰਾ,ਪਵਨ ਸਿੰਘ ਗਿੱਲ, ਬੇਅੰਤ ਸਿੰਘ ਬੁਰਜ, ਪ੍ਰੀਤ ਸਿੰਘ ਭਲੂਰੀਆ, ਡਾ.ਸਰਜਾ ਸਿੰਘ ਸਮੇਤ ਹਲਕਾ ਜੈਤੋ ਦੇ ਪੰਚ ਸਰਪੰਚ ਕੇ ਪਿੰਡ ਡੋਡ ਦੇ ਪਤਵੰਤੇ ਸੱਜਣ ਹਾਜਿਰ ਸਨ।

# ਅਕਾਲੀ ਦਲ ਨੂੰ ਝਟਕਾ ਕਈ ਪਰਿਵਾਰ ਆਪ 'ਚ ਸ਼ਾਮਿਲ



ਬਠਿੰਡਾ -ਆਮ ਆਦਮੀ ਪਾਰਟੀ ਦੇ ਪਰਿਵਾਰ 'ਚ ਅੱਜ ਉਦੋਂ ਹੋਰ ਵਾਧਾ ਹੋ ਗਿਆ, ਜਦੋਂ ਪਿੰਡ ਖੁੱਡੀਆਂ ਮਹਾਂ ਸਿੰਘ ਵਿਖੇ ਅਕਾਲੀ ਦਲ ਨੂੰ ਛੱਡ ਕੇ ਦਰਜਨ ਤੋਂ ਵੱਡ ਪਰਿਵਾਰ 'ਆਪ' ਵਿਚ ਸ਼ਾਮਿਲ ਹੋ ਗਏ। ਇਨ੍ਹਾਂ ਸ਼ਖ਼ਸੀਅਤਾਂ ਨੂੰ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਬਠਿੰਡਾ ਪਾਰਲੀਮਾਨੀ ਸੀਟ ਤੋਂ 'ਆਪ' ਦੇ ਉਮੀਦਵਾਰ ਸ. ਗੁਰਮੀਤ ਸਿੰਘ ਖੁੱਡੀਆਂ ਨੇ ਪਾਰਟੀ ਵਿੱਚ ਸ਼ਾਮਿਲ ਕਰਕੇ 'ਜੀ ਆਇਆ ਨੂੰ' ਕਿਹਾ ਅਤੇ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਹਰੇਕ ਵਿਅਕਤੀ ਨੂੰ ਬਰਾਬਰ ਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਪਾਰਟੀ 'ਚ ਸ਼ਮੂਲੀਅਤ ਕਰਨ ਵਾਲੇ ਪਰਿਵਾਰਾਂ ਦੇ ਮੁਖੀਆਂ ਪੰਚ ਜਗਦੀਸ਼ ਸਿੰਘ, ਪੰਚ ਬੰਤਾ ਸਿੰਘ, ਪੰਚ ਵਿਜੇਂਦਰ ਸਿੰਘ, ਹਰਬੰਸ ਸਿੰਘ, ਮੰਦਰ ਸਿੰਘ, ਜਗਜੀਤ ਸਿੰਘ, ਪਿਆਰਾ ਸਿੰਘ ਅਤੇ ਹੋਰਨਾਂ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਵੱਲੋਂ ਪੰਜਾਬ ਅਤੇ ਦਿੱਲੀ ਵਿੱਚ ਥੋਕ ਪੱਧਰ 'ਤੇ ਕੀਤੇ ਗਏ ਲੋਕ ਭਲੇ ਦੇ ਕਾਰਜਾਂ ਤੋਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਹੋਰ ਵੀ ਵੱਡੀ ਗੱਲ ਇਹ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਗੁਰਮੀਤ ਸਿੰਘ ਖੁੱਡੀਆਂ ਖੁਦ ਇਮਾਨਦਾਰੀ ਅਤੇ ਸਾਊਪੁਣੇ ਦੇ ਪ੍ਰਤੱਖ ਪ੍ਰਮਾਣ ਹਨ।

ਇਸ ਮੌਕੇ ਸ੍ਰੀ ਖੁੱਡੀਆਂ ਨੇ ਆਖਿਆ ਕਿ ਬੇਈਮਾਨੀ ਦੀ ਰਾਜਨੀਤੀ ਅਤੇ ਪੈਸਾ ਉਨ੍ਹਾਂ ਦੇ ਪਰਿਵਾਰ ਲਈ ਹਰਾਮ ਬਰਾਬਰ ਹੈ। ਉਨ੍ਹਾਂ ਕਿਹਾ ਕਿ ਉਹ ਪ੍ਰਮਾਤਮਾ 'ਤੇ ਭਰੋਸਾ ਕਰਦੇ ਹਨ ਅਤੇ ਉਸ ਨੇ ਪਰਿਵਾਰ ਕੋਲੋਂ ਕੁੱਝ ਵੀ ਲੁਕਾਇਆ ਨਹੀਂ। ਉਨ੍ਹਾਂ ਕਿਹਾ ਕਿ ਪੈਸੇ ਦੇ ਜ਼ੋਰ ਨਾਲ ਜੇਕਰ ਵਜ਼ੀਰੀਆਂ ਮਿਲਦੀਆਂ ਹੁੰਦੀਆਂ ਤਾਂ ਪੰਜਾਬ ਵਿੱਚ ਬਾਦਲ ਪਰਿਵਾਰ ਨਾਲ ਕੋਈ ਵੀ ਸਿਆਸਤਦਾਨ ਮੁਕਾਬਲਾ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਦੇ ਬਹੁਤੇ ਹਲਕਿਆਂ 'ਚ ਲੋਕਾਂ ਦੀ ਤਾਕਤ ਨੇ ਤਲ਼ੀ 'ਤੇ ਸਰ੍ਹੋਂ ਜਮਾ ਕੇ ਰਵਾਇਤੀ ਪਾਰਟੀਆਂ ਨੂੰ ਸ਼ੀਸ਼ਾ ਵਿਖਾਇਆ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ 'ਚ ਇੱਕ ਵਾਰ ਫਿਰ ਲੋਕ ਇਤਿਹਾਸ ਦੁਹਰਾਉਣ ਜਾ ਰਹੇ ਹਨ। ਇਸ ਵਾਰ ਵੀ ਸਮੁੱਚੇ ਪੰਜਾਬ ਅੰਦਰ ਰਵਾਇਤੀ ਪਾਰਟੀਆਂ ਦਾ ਸੁਪੜਾ ਸਾਫ਼ ਹੋਣ ਜਾ ਰਿਹਾ ਹੈ।

# ਸੋਨੂੰ ਅਟੈਚੀ ਹਾਊਸ ਦੇ ਗੁਜਰਾਲ ਭਰਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ



ਖੰਨਾ -ਹਲਕਾ ਖੰਨਾ 'ਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਭਾਜਪਾ ਸਮਰਥਕ ਸੋਨੂੰ ਅਟੈਚੀ ਹਾਊਸ ਦੇ ਮਾਲਕ ਸੁਨੀਲ ਗੁਜਰਾਲ ਸੋਨੂੰ ਅਤੇ ਵਿਕਾਸ ਗੁਜਰਾਲ ਹਲਕਾ ਖੰਨਾ ਤੋਂ 'ਆਪ' ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਦੀ ਅਗਵਾਈ 'ਚ 'ਆਪ' 'ਚ ਸ਼ਾਮਲ ਹੋ ਗਏ। ਗੁਜਰਾਲ ਭਰਾਵਾਂ ਨੂੰ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ ਅਤੇ 'ਆਪ' ਦੇ ਸੂਬਾ ਮੀਤ ਪ੍ਰਧਾਨ ਅਤੇ ਹਲਕਾ ਖੰਨਾ ਦੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ਨੇ ਆਮ ਆਦਮੀ ਪਾਰਟੀ 'ਚ ਸ਼ਾਮਲ ਕੀਤਾ।

ਇਸ ਮੌਕੇ ਗੁਜਰਾਲ ਭਰਾਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੰਗੇ ਕੰਮ ਕਰ ਰਹੀ ਹੈ। ਇਸ ਦੇ ਨਾਲ ਹੀ ਹਲਕਾ ਖੰਨਾ ਦੇ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ਦੀ ਅਗਵਾਈ ਵਿੱਚ ਹਲਕਾ ਖੰਨਾ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਗੁਜਰਾਲ ਭਰਾਵਾਂ ਨੇ ਕਿਹਾ ਕਿ ਵਿਧਾਇਕ ਸੌਂਦ ਸਥਾਨਕ ਨਿਵਾਸੀ ਹੋਣ ਕਾਰਨ ਉਹ ਹਰ ਸ਼ਹਿਰ ਵਾਸੀ ਦੀ ਪਹੁੰਚ ਵਿੱਚ ਹਨ, ਜੋ ਪਹਿਲਾਂ ਕਦੇ ਨਹੀਂ ਹੋਇਆ ਸੀ। ਗੁਜਰਾਲ ਭਰਾਵਾਂ ਨੇ ਕਿਹਾ ਕਿ 'ਆਪ' ਦੇ ਲੋਕ ਸਭਾ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਭਾਰੀ ਵੋਟਾਂ ਨਾਲ ਜਿਤਾਉਣਗੇ।

ਇਸ ਮੌਕੇ ਬੁੱਧੀਜੀਵੀ ਸੈੱਲ ਦੇ ਮੁਖੀ ਅਮਰਦੀਪ ਸਿੰਘ ਪੁਰੇਵਾਲ , ਵਪਾਰ ਸੈੱਲ ਦੇ ਮੁਖੀ ਕਰੁਣ ਅਰੋੜਾ , ਕੌਂਸਲਰ ਜਤਿੰਦਰ ਪਾਠਕ , ਕੌਂਸਲਰ ਸੁਰਿੰਦਰ ਬਾਵਾ , ਕੌਂਸਲਰ ਵਿੱਕੀ ਮਸ਼ਾਲ , ਕੌਂਸਲਰ ਧਰਮਜੀਤ ਸਿੰਘ , ਕੌਂਸਲਰ ਪਤੀ ਮੱਖਣ ਸਿੰਘ , ਗੁਰਸ਼ਰਨ ਸਿੰਘ ਗੋਗੀਆ , ਜਗਤਾਰ ਸਿੰਘ ਗਿੱਲ , ਮਾਸਟਰ ਅਵਤਾਰ ਸਿੰਘ , ਪੀ.ਏ ਮਹੇਸ਼ ਕੁਮਾਰ , ਅਵਤਾਰ ਸਿੰਘ ਮਾਨ , ਜਸਨਵਿਦਰ ਸਿੰਘ ਲੋਟੇ , ਪਰਾਗ ਬੱਤਾ , ਜਨਰਲ ਮਰਚੈਂਟ ਐਸੋਸੀਏਸ਼ਨ ਦੇ ਪ੍ਰਧਾਨ ਸੰਜੀਵ ਕੁਮਾਰ ਕਿੱਟੂ , ਮਨੂ ਮਨੋਚਾ , ਨੀਸ਼ੂ ਕਪਿਲਾ , ਹਰਵੀਰ ਸਿੰਘ ਸੋਨੂੰ , ਮਲਾਗਰ ਖਾਨ , ਪੁਨੀਤ ਖੱਟਰ , ਜਤਿੰਦਰ ਸਿੰਘ ਮਹਿਮੀ , ਬਾਬਾ ਪ੍ਰੀਤਮ ਸਿੰਘ , ਕੀਮਤੀ ਲਾਲ ਅਤੇ ਪੂਰਨ ਚੰਦ ਸਮੇਤ ਵੱਡੀ ਗਿਣਤੀ 'ਚ 'ਆਪ' ਵਰਕਰ ਅਤੇ ਬਲਾਕ ਪ੍ਰਧਾਨ ਮੌਜੂਦ ਸਨ।

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022-2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
/stsoldiergroup
www.stsoldiergroup.com
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਲਾਰੇ-ਲੱਪਿਆਂ 'ਚ ਫਸਿਆ ਵੋਟਰ



ਵੋਟਰ ਨੂੰ ਮਤਦਾਤਾ ਬੋਲਿਆ ਜਾਂਦਾ ਹੈ। ਭਲਾ ਕਿਸ ਗੱਲ ਦਾ ਦਾਤਾ? ਅੱਜ ਉਹ ਸਭ ਤੋਂ ਵੱਧ ਪਰੇਸ਼ਾਨ ਦਿਖਾਈ ਦੇ ਰਿਹਾ ਹੈ। ਉਸ ਦੀ ਸਮਝ ਤੋਂ ਬਾਹਰ ਹੈ ਕਿ ਉਹ ਵੋਟ ਦੇਵੇ ਤਾਂ ਕਿਸ ਦਲ ਜਾਂ ਉਮੀਦਵਾਰ ਨੂੰ ਕਿਉਂਕਿ ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਜਿੱਤਣ ਤੋਂ ਬਾਅਦ ਉਹ ਵਿਧਾਇਕ ਜਾਂ ਸਾਂਸਦ ਕਦ ਕਿਸੇ ਹੋਰ ਦਲ ਵਿਚ ਚਲਾ ਜਾਵੇ। ਇੰਜ ਜਾਪਦਾ ਹੈ ਜਿਵੇਂ ਸਾਡੇ ਬਹੁਤੇ ਨੇਤਾਵਾਂ ਦਾ ਕੋਈ ਦੀਨ-ਧਰਮ ਹੀ ਨਹੀਂ ਰਿਹਾ। 'ਆਯਾ ਰਾਮ ਤੇ ਗਯਾ ਰਾਮ' ਦਾ ਵਰਤਾਰਾ ਸਮਝ ਤੋਂ ਬਾਹਰ ਹੈ। ਸਾਡੇ ਨੇਤਾ ਗਿਰਗਟ ਤੋਂ ਵੀ ਪਹਿਲਾਂ ਰੰਗ ਬਦਲ ਲੈਂਦੇ ਹਨ।

ਅਜੋਕੇ ਸਮੇਂ ਵਿਚ ਕਿਸੇ ਵੀ ਸਿਆਸੀ ਬੰਦੇ 'ਤੇ ਭਰੋਸਾ ਕਰਨਾ ਮੁਸ਼ਕਲ ਹੈ। ਨਾ ਹੀ ਪਹਿਲਾਂ ਵਰਗੀ ਸਿਆਸਤ ਰਹੀ ਅਤੇ ਨਾ ਹੀ ਸਿਆਸਦਾਨ। ਨਾ ਪਹਿਲਾਂ ਵਰਗੀ ਜ਼ੁਬਾਨ ਵਾਲੇ ਸਿਆਸਤਦਾਨ ਰਹੇ, ਨਾ ਵਾਅਦਾ ਨਿਭਾਉਣ ਵਾਲੇ ਸਿਆਸਤਦਾਨ ਹੀ ਰਹੇ। ਮਰਿਆਦਾ ਵਿਹੂਣੇ ਸਮੇਂ ਮਤਦਾਤਾ ਕਿੱਧਰ ਜਾਵੇ? ਉਸ ਨੂੰ ਮਹਿਜ਼ ਇਕ ਵੋਟ ਪਾਉਣ ਦਾ ਅਧਿਕਾਰ ਹੈ ਜੋ ਪੰਜ ਸਾਲਾਂ ਬਾਅਦ ਮਿਲਦਾ ਹੈ। ਸੋਸ਼ਲ ਮੀਡੀਆ ਨੇ ਲੋਕਾਂ ਦੀ ਸੋਚਣ ਦੀ ਸ਼ਕਤੀ ਨੂੰ ਗ੍ਰਹਿਣ ਲਗਾਇਆ ਹੋਇਆ ਹੈ। ਇਨ੍ਹਾਂ ਸਿਆਸਤਦਾਨਾਂ ਨੇ ਲੋਕਾਂ ਨੂੰ ਧਰਮ, ਮੁਫ਼ਤ ਰਾਸ਼ਨ ਅਤੇ ਹੋਰ ਝੂਠੇ ਵਾਅਦਿਆਂ ਦੇ ਚੁੰਗਲ ਜਾਂ ਭਰਮਜਾਲ਼ ਵਿਚ ਫਸਾ ਕੇ ਰੱਖਿਆ ਹੈ। ਬਾਹੂਬਲੀਆਂ ਦਾ ਚਾਰ-ਚੁਫੇਰੇ ਬੋਲਬਾਲਾ ਹੈ।

ਵੋਟਰਾਂ ਨੂੰ ਡਰਾਉਣ-ਧਮਕਾਉਣ ਲਈ ਉਹ ਬਲ ਤੋਂ ਇਲਾਵਾ ਧਨ ਦੀ ਅੰਨ੍ਹੀ ਵਰਤੋਂ ਕਰਦੇ ਹਨ। ਵੋਟਰਾਂ ਦੀ ਮੱਤ 'ਤੇ ਪਰਦਾ ਪਾਉਣ ਲਈ ਉਨ੍ਹਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ। ਅਜਿਹੇ ਹਾਲਾਤ ਵਿਚ ਵਿਵੇਕ ਜਾਂ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਹਰ ਸਿਆਸੀ ਪਾਰਟੀ ਆਪਣਾ ਘੋਸ਼ਣਾ ਪੱਤਰ ਜਨਤਾ ਦੀ ਕਚਹਿਰੀ 'ਚ ਲੈ ਕੇ ਆਉਂਦੀ ਹੈ ਜਿਸ ਵਿਚ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ। ਵੋਟਰਾਂ ਨੂੰ ਰੰਗੀਨ ਸੁਪਨੇ ਵੇਚੇ ਜਾਂਦੇ ਹਨ। ਚੋਣਾਂ ਜਿੱਤਣ ਤੋਂ ਬਾਅਦ ਸੁਪਨਿਆਂ ਦੇ ਸੌਦਾਗਰ ਲੋਪ ਹੋ ਜਾਂਦੇ ਹਨ। ਕਿਉਂ ਨਹੀਂ ਉਸ ਘੋਸ਼ਣਾ ਪੱਤਰ ਨੂੰ ਕਾਨੂੰਨੀ ਗਾਰੰਟੀ ਵਿਚ ਬਦਲਿਆ ਜਾਂਦਾ?

ਕਿਉਂ ਸਭ ਦਲਾਂ ਦੇ ਲੀਡਰ ਉਸ ਨੂੰ ਆਪਣੀ ਖ਼ੁਦ ਦੀ ਗਾਰੰਟੀ ਦੱਸਦੇ ਹਨ। ਜਿੱਤਣ ਤੋਂ ਬਾਅਦ ਜੇ ਕੋਈ ਦਲ ਆਪਣੇ ਵਾਅਦੇ ਪੂਰੇ ਨਹੀਂ ਕਰਦਾ ਤਾਂ ਉਸ 'ਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਹਰ ਸਿਆਸੀ ਜਮਾਤ ਦੇ ਚੋਣ ਮੈਨੀਫੈਸਟੋ ਨੂੰ ਕਾਨੂੰਨ ਦੇ ਦਾਇਰੇ ਵਿਚ ਲਿਆਂਦਾ ਗਿਆ ਤਾਂ ਜਿੱਤਣ ਤੋਂ ਬਾਅਦ ਹਾਕਮਾਂ ਨੂੰ ਘੋਸ਼ਣਾ ਪੱਤਰ ਦਾ ਹਰ ਵਾਅਦਾ ਵਫ਼ਾ ਕਰਨਾ ਹੋਵੇਗਾ। ਅੱਜ ਤੱਕ ਕੋਈ ਵੀ ਸਰਕਾਰ ਕਿਸਾਨਾਂ ਨੂੰ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਨਹੀਂ ਦੇ ਸਕੀ। ਕਿਸਾਨ ਸੜਕਾਂ 'ਤੇ ਰੁਲਦੇ ਫਿਰਦੇ ਹਨ। ਜਦਕਿ 80% ਮਤਦਾਤਾ ਕਿਸਾਨੀ ਨਾਲ ਜੁੜਿਆ ਹੋਇਆ ਹੈ।

ਕਿਸੇ ਵੀ ਸਰਕਾਰ ਨੇ ਔਰਤਾਂ ਦੀ ਸੁਰੱਖਿਆ ਤੇ ਬਰਾਬਰ ਦੀ ਭਾਗੀਦਾਰੀ ਨਹੀਂ ਦਿੱਤੀ, ਵਾਅਦੇ ਸਭ ਕਰਦੇ ਹਨ। ਸਾਡੇ ਲੋਕਤੰਤਰ ਦੇ ਤਿੰਨ ਥੰਮ੍ਹ ਤਾਂ ਬੁਰੀ ਤਰ੍ਹਾਂ ਡਿੱਗ ਚੁੱਕੇ ਹਨ। ਬਸ ਇਕ ਅਦਾਲਤਾਂ ਦਾ ਥੰਮ੍ਹ ਹੀ ਬਚਿਆ ਹੈ ਜਿਸ ਤੋਂ ਜਨਤਾ ਨੂੰ ਉਮੀਦਾਂ ਹਨ। ਹਰ ਸਿਆਸੀ ਪਾਰਟੀ ਭ੍ਰਿਸ਼ਟਾਚਾਰ ਰੋਕਣ ਦੀ ਗੱਲ ਕਰਦੀ ਹੈ ਪਰ ਇਸ ਉੱਤੇ ਅਮਲੀ ਤੌਰ 'ਤੇ ਕੰਮ ਨਹੀਂ ਕਰਦੀ। ਹੁਣ ਇਲੈਕਟਰੋਲ ਬਾਂਡ ਦਾ ਕਿੰਨਾ ਵੱਡਾ ਭ੍ਰਿਸ਼ਟਾਚਾਰ ਹੈ ਜਿਸ ਤੋਂ ਕੋਈ ਵੀ ਦਲ ਬੇਦਾਗ਼ ਨਹੀਂ ਹੈ।

ਮੈਂ ਆਪਣੀ ਛੋਟੀ ਜਿਹੀ ਕੋਸ਼ਿਸ਼ ਕਰ ਰਹੀ ਹਾਂ ਸੁਝਾਅ ਦੇਣ ਦੀ ਤਾਂ ਕਿ ਜਨਤਾ ਖ਼ੁਦ ਨੂੰ ਠੱਗਿਆ ਹੋਇਆ ਮਹਿਸੂਸ ਨਾ ਕਰੇ। ਸਭ ਤੋਂ ਪਹਿਲਾਂ ਕੋਈ ਵੀ ਵਿਧਾਇਕ, ਸਾਂਸਦ ਚੋਣ ਜਿੱਤਣ ਤੋਂ ਬਾਅਦ 5 ਸਾਲ ਤੱਕ ਆਪਣਾ ਦਲ ਨਾ ਬਦਲ ਸਕੇ। ਵੋਟਰਾਂ ਨੇ ਕਿਸੇ ਪਾਰਟੀ ਵਿਸ਼ੇਸ਼ ਦੇ ਉਮੀਦਵਾਰ ਨੂੰ ਵੋਟਾਂ ਪਾ ਕੇ ਜਿਤਾਇਆ ਹੁੰਦਾ ਹੈ। ਉਹ ਜਿੱਤਣ ਤੋਂ ਬਾਅਦ ਪਾਰਟੀ ਬਦਲਦਾ ਹੈ ਤਾਂ ਵੋਟਰ ਠੱਗਿਆ-ਠੱਗਿਆ ਮਹਿਸੂਸ ਕਰਦਾ ਹੈ।

ਅਫ਼ਸੋਸ! ਅਜੋਕੇ ਉਮੀਦਵਾਰ ਇਕ ਨਹੀਂ ਬਲਕਿ ਕਈ ਪਾਰਟੀਆਂ ਬਦਲ ਜਾਂਦੇ ਹਨ। ਇਸ ਨਾਲ ਕਿਸੇ ਨੂੰ ਵੀ ਆਪਣੇ ਵਿਧਾਇਕਾਂ ਨੂੰ ਲੈ ਕੇ ਹੋਟਲਾਂ ਵਿਚ ਬੰਦ ਨਾ ਕਰਨਾ ਪਵੇ। ਇਸ ਤਰ੍ਹਾਂ ਕਰਨ ਨਾਲ ਕਰੋੜਾਂ ਦਾ ਲੈਣ-ਦੇਣ ਦਾ ਭ੍ਰਿਸ਼ਟਾਚਾਰ ਬੰਦ ਹੋ ਜਾਵੇਗਾ। ਜਨਤਾ ਵੀ ਆਪਣੇ-ਆਪ ਨੂੰ ਠੱਗਿਆ ਮਹਿਸੂਸ ਨਹੀਂ ਕਰੇਗੀ। ਜਿੰਨੇ ਵੀ ਵਾਅਦੇ ਕੋਈ ਦਲ ਕਰਦਾ ਹੈ, ਉਸ ਦੀ ਕਾਨੂੰਨੀ ਗਾਰੰਟੀ ਚਾਹੀਦੀ ਹੈ।

ਇਸ ਨਾਲ ਵੀ ਜਨਤਾ ਠੱਗਿਆ ਮਹਿਸੂਸ ਨਹੀਂ ਕਰੇਗੀ। ਧਰਮ ਦੀ ਰਾਜਨੀਤੀ ਕਰਨ ਵਾਲਿਆਂ 'ਤੇ ਵੀ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ ਜਿਸ ਨਾਲ ਦੰਗਿਆਂ ਦੀ ਸੰਭਾਵਨਾ ਘੱਟ ਜਾਵੇਗੀ। ਧਰਮ ਦੇ ਨਾਂ 'ਤੇ ਨਫ਼ਰਤ ਫੈਲਾਉਣ ਵਾਲਿਆਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਹੋਵੇ। ਕੋਈ ਵੀ ਉੱਚ ਅਧਿਕਾਰੀ ਚਾਹੇ ਉਹ ਕਿਸੇ ਵੀ ਵਿਭਾਗ ਦਾ ਹੋਵੇ, ਚਾਹੇ ਅਦਾਲਤ ਨਾਲ ਜੁੜਿਆ ਹੋਵੇ, ਆਪਣੀ ਪੋਸਟ ਤੋਂ ਅਸਤੀਫ਼ਾ ਦੇ ਕੇ ਜਾਂ ਰਿਟਾਇਰ ਹੋਣ ਤੋਂ ਬਾਅਦ ਪੰਜ ਸਾਲ ਤੱਕ ਕਿਸੇ ਹੋਰ ਉੱਚੇ ਸਰਕਾਰੀ ਜਾਂ ਸਿਆਸੀ ਅਹੁਦੇ 'ਤੇ ਨਾ ਬੈਠ ਸਕੇ।

ਇਸ ਦਾ ਵੀ ਕਾਨੂੰਨ ਹੋਣਾ ਚਾਹੀਦਾ ਹੈ। ਸਭ ਤੋਂ ਜ਼ਰੂਰੀ ਇਹ ਹੈ ਕਿ ਸਿਆਸਤਦਾਨਾਂ ਦੀ ਸਰਗਰਮ ਰਾਜਨੀਤੀ ਵਿਚ ਭਾਗੀਦਾਰੀ ਦੀ ਉਮਰ ਨਿਸ਼ਚਤ ਕਰਨੀ ਚਾਹੀਦੀ ਹੈ। ਉਨ੍ਹਾਂ ਦੀ ਪੜ੍ਹਾਈ ਨੂੰ ਲੈ ਕੇ ਨਿਯਮ ਬਣਨੇ ਚਾਹੀਦੇ ਹਨ। ਹਰ ਉਮੀਦਵਾਰ ਆਪਣੇ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਵੇਲੇ ਆਪਣਾ ਜੋ ਨਕਦੀ ਤੇ ਸਥਾਈ ਜਾਇਦਾਦ ਦਾ ਵੇਰਵਾ ਦਿੰਦਾ ਹੈ, ਉਸ 'ਤੇ ਖ਼ਾਸ ਨਜ਼ਰ ਰੱਖੀ ਜਾਵੇ ਕਿ ਪੰਜ ਸਾਲਾਂ ਵਿਚ ਉਹ ਕਿੰਨੀ ਵਧੀ ਹੈ।

ਅੱਜ ਮਤਦਾਤਾ ਸਿਆਸੀ ਦਲਾਂ ਦੇ ਵਾਅਦਿਆਂ, ਬੇਰੁਜ਼ਗਾਰੀ ਤੇ ਮਹਿੰਗਾਈ ਤੋਂ ਪਰੇਸ਼ਾਨ ਹੈ। ਜਿਸ ਉਮੀਦ ਨਾਲ ਉਹ ਵੋਟ ਪਾਉਂਦੇ ਹਨ, ਜਦ ਕੋਈ ਦਲ ਖ਼ਰਾ ਨਹੀਂ ਉਤਰਦਾ ਤਾਂ ਉਨ੍ਹਾਂ ਦੇ ਹੱਥ ਵਿਚ ਪੰਜ ਸਾਲਾਂ ਤੱਕ ਕੋਈ ਬਦਲਾਅ ਦੀ ਉਮੀਦ ਨਹੀਂ ਬਚਦੀ। ਸਿਵਾਏ ਇਸ ਦੇ ਕਿ ਟੀਵੀ 'ਤੇ ਸਿਆਸੀ ਦਲਾਂ ਨੂੰ ਇਕ-ਦੂਜੇ 'ਤੇ ਦੋਸ਼ ਲਗਾਉਂਦੇ ਅਤੇ ਆਪਸ ਵਿਚ ਲੜਾਈ ਕਰਦੇ ਹੋਏ ਵੇਖਣਾ। ਕੋਈ ਵੀ ਦਲ ਆਪਣਿਆਂ ਵਾਅਦੇ ਦੀ ਗੱਲ ਹੀ ਨਹੀਂ ਕਰਦਾ ਅਤੇ ਜਨਤਾ ਆਪਣੀਆਂ ਮੰਗਾਂ ਲੈ ਕੇ ਦੁਬਾਰਾ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਜਾਂਦੀ ਹੈ ਪਰ ਸੱਤਾਧਾਰੀ ਦਲ ਦੇ ਕੰਨ 'ਤੇ ਜੂੰ ਤੱਕ ਨਹੀਂ ਰੇਂਗਦੀ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਦਿੱਕਤਾਂ ਦੀ ਵਜ੍ਹਾ ਕਰ ਕੇ ਮਤਦਾਤਾ ਬਹੁਤ ਪਰੇਸ਼ਾਨ ਹੈ ਕਿ ਉਹ ਕਿੱਧਰ ਜਾਵੇ, ਕਿਸ ਨੂੰ ਵੋਟ ਦੇਵੇ?

# ਧੂਰਕੋਟ ਟਾਹਲੀ ਵਾਲਾ ਆਉਣ ਤੇ ਕਿਸਾਨ ਜੱਥੇਬੰਦੀਆਂ ਵੱਲੋਂ ਹੰਸ ਰਾਜ ਹੰਸ ਦਾ ਵੱਡੀ ਪੱਧਰ ਤੇ ਵਿਰੋਧ



ਮੋਗਾ ਜਦੋਂ ਤੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਕਿਸੇ ਵੀ ਪਿੰਡ ਵਿੱਚ ਜਾਂਦੇ ਹਨ ਤਾਂ ਕਿਸਾਨ ਜਥੇਬੰਦੀਆ ਵਲੋਂ ਉਸ ਦਾ ਵਿਰੋਧ ਕੀਤਾ ਜਾਂਦਾ ਹੈ। ਅੱਜ ਜਦ ਕਿਸਾਨ ਜਥੇਬੰਦੀਆ ਨੂੰ ਮੋਗਾ ਜ਼ਿਲੇ ਦੇ ਪਿੰਡ ਧੂਰਕੋਟ ਟਾਹਲੀ ਵਾਲਾ ਵਿਖੇ ਮੰਗਲ ਸਿੰਘ ਦੇ ਘਰ ਆਉਣ ਦੀ ਭਿਣਕ ਲੱਗੀ ਤਾਂ ਕਿਸਾਨ ਜੱਥੇਬੰਦੀਆਂ ਵੱਲੋਂ ਵੱਡੀ ਪੱਧਰ ਉੱਪਰ ਵਿਰੋਧ ਕੀਤਾ ਗਿਆ। ਇਸ ਵਿਰੋਧ ਪ੍ਰਦਰਸ਼ਨ ਵਿੱਚ ਕਿਰਤੀ ਕਿਸਾਨ ਯੂਨੀਅਨ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸ਼ਾਮਿਲ ਹੋਏ। ਇਸ ਦੌਰਾਨ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬੇਅੰਤ ਸਿੰਘ ਮੱਲੇਆਣਾ,ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਭੁਪਿੰਦਰ ਸਿੰਘ ਮੱਦੋਕੇ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਦਾ ਡੱਟਕੇ ਵਿਰੋਧ ਕੀਤਾ ਗਿਆ। ਉਨਾਂ ਕਿਹਾ ਕਿ ਭਾਜਪਾ ਵੱਲੋਂ ਕਿਸਾਨਾਂ, ਮਜ਼ਦੂਰ ਮਾਰੂ ਨੀਤੀਆ ਜਿਵੇਂ ਤਿੰਨ ਕਾਲੇ ਕਾਨੂੰਨ, ਲਖੀਮਪੁਰ ਖੀਰੀ ਵਿੱਚ ਕਿਸਾਨਾਂ ਨੂੰ ਗੱਡੀਆਂ ਹੇਠ ਕੁਚਲਣਾ, ਕਿਸਾਨ ਅੰਦੋਲਨ 2020 ਦੀਆਂ ਮੰਗਾਂ ਮੰਨਕੇ ਵਾਅਦਾ ਖਿਲਾਫੀ ਕਰਨੀ,ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਸ਼ੰਭੂ ਤੇ ਖਨੌਰੀ ਬਾਰਡਰ ਤੇ ਗੋਲੀਆਂ ਚੱਲਾਂ ਕੇ ਸ਼ੁਭਕਰਨ ਨੂੰ ਸ਼ਹੀਦ ਕਰਨਾ ਅਤੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਨੂੰ ਲੈਕੇ ਕਿਸਾਨ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਵਿਰੋਧ ਕਰ ਰਹੇ ਹਨ। ਕਿਸਾਨ ਆਗੂਆਂ ਕਿਹਾ ਕੀ ਆਉਣ ਵਾਲੇ ਦਿਨਾਂ ਵਿੱਚ ਹਾੜੀ ਦਾ ਸੀਜ਼ਨ ਸਮਾਪਤ ਹੋ ਜਾਣਾ ਹੈ। ਇਸ ਲਈ ਹੰਸ ਰਾਜ ਹੰਸ ਦਾ ਵਿਰੋਧ ਵਿੱਚ ਕਿਸਾਨ ਅਤੇ ਮਜ਼ਦੂਰ ਜਥੇਬੰਦੀਆ ਆਉਣ ਵਾਲੇ ਦਿਨਾਂ ਵਿੱਚ ਵੱਡੀ ਪੱਧਰ ਤੇ ਸ਼ਮੂਲੀਅਤ ਕਰਨਗੇ । ਇਸ ਦੌਰਾਨ ਵਿਰੋਧ ਵਿੱਚ ਸ਼ਾਮਿਲ ਖੁਸ਼ੀ ਮੱਦੋਕੇ,ਹਰਜੀਤ ਸਿੰਘ ਮੱਦੋਕੇ,ਜਗਤਾਰ ਸਿੰਘ ਬਲਾਕ ਆਗੂ,ਰਣਜੀਤ ਸਿੰਘ ਡਾਲਾ,ਸੋਨੀ ਨੰਗਲ, ਗੁਰਦੀਪ ਸਿੰਘ ਧੂਰਕੋਟ ਕਲਾਂ,ਚਰਨ ਸਿੰਘ, ਭਜਨ ਸਿੰਘ, ਜਗਦੇਵ ਸਿੰਘ ਆਦਿ ਹਾਜ਼ਰ ਹੋਏ।

# ਅੰਮ੍ਰਿਤਸਰ ਪੱਛਮੀ ਵਿਧਾਨ ਸਭਾ ਹਲਕੇ ਆਈਲੈਟਸ ਸੈਂਟਰਾਂ ਵਿੱਚ ਵੋਟਰ ਜਾਗਰੂਕਤਾ ਅਭਿਆਨ



ਅੰਮ੍ਰਿਤਸਰ:- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਘਣਸ਼ਾਮ ਥੋਰੀ ਦੀ ਯੋਗ ਅਗੁਆਈ ਹੇਠ ਚੇਅਰਪਰਸਨ ਅੰਮਿ ?ਤਸਰ ਪੱਛਮੀ ਵਿਧਾਨ ਸਭਾ ਹਲਕੇ ਦੇ ਸਹਾਇਕ ਰਿਟ ?ਨਿੰਗ ਅਫ਼ਸਰ-ਕਮ-ਐਸ ਡੀ ਐਮ-2 ਸ ?ੀ ਮਨਕੰਵਲ ਸਿੰਘ ਚਾਹਲ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਅੰਮ੍ਰਿਤਸਰ ਪੱਛਮੀ ਵਿਧਾਨ ਸਭਾ ਹਲਕਿਆਂ ਵਿੱਚ ਪੈਂਦੇ ਕਈ ਆਈਲਟਸ ਸੈਂਟਰਾਂ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ।ਇਹਨਾਂ ਸੈਮੀਨਾਰਾਂ ਬਾਰੇ ਜਾਣਕਾਰੀ ਦਿੰਦੇ ਹੋਏ ਅੰਮ੍ਰਿਤਸਰ ਪੱਛਮੀ ਵਿਧਾਨਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਪ੍ਰਿੰਸੀਪਲ ਸ਼੍ਰੀ ਸੁਨੀਲ ਗੁਪਤਾ ਨੇ ਦੱਸਿਆ ਕਿ ਇਹਨਾਂ ਸੈਮੀਨਾਰਾਂ ਦਾ ਨੌਜਵਾਨ ਵੋਟਰਾਂ ਨੂੰ ਵੋਟਾਂ ਵਿੱਚ ਭਾਗ ਲੈਣ ਕਈ ਪ੍ਰੇਰਿਤ ਕਰਨਾ ਹੈ।ਉਹਨਾਂ ਦੱਸਿਆ ਕਿ ਹੁਣ ਤੱਕ ਅੰਮ੍ਰਿਤਸਰ ਪੱਛਮੀ ਦੇ 10 ਆਈਲੈਟਸ ਸੈਂਟਰਾਂ ਵਿੱਚ ਅਜਿਹੇ ਵੋਟਰ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਚੁੱਕੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਸਾਰੇ ਆਈਲੈਟਸ ਸੈਂਟਰਾਂ ਵਿੱਚ ਅਜਿਹੇ ਹੋਰ ਸੈਮੀਨਾਰ ਆਯੋਜਿਤ ਕੀਤੇ ਜਾਣਗੇ।

ਉਹਨਾਂ ਦੱਸਿਆ ਕਿ ਸੈਮੀਨਾਰਾਂ ਦੌਰਾਨ ਵਿਦਿਆਰਥੀਆਂ ਨੂੰ ਚੋਣ ਪਿਕਰਿਆ ਸਬੰਧੀ ਮੋਬਾਈਲ ਐਪ ਵੀ ਡਾਊਨਲੋਡ ਕਰਵਾਏ ਗਏ।ਉਹਨਾਂ ਸਾਰੇ ਵੋਟਰਾਂ ਨੂੰ ਅਪੀਲ ਕੀਤੀ ਕਿ 1 ਜੂਨ ਵਾਲੇ ਦਿਨ ਆਪਣੇ ਵੋਟ ਪਾਉਣ ਦੇ ਲੋਕਤਾਂਤਰਿਕ ਹੱਕ ਦੀ ਵਰਤੋਂ ਜ਼ਰੂਰ ਕਰਨ।ਉਹਨਾਂ ਕਿਹਾ ਕਿ ਕਿ ਚੋਣ ਕਮਿਸ਼ਨ ਵਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪ੍ਰਤੀਸ਼ਤ ਪਾਰ' ਦਾ ਨਾਅਰਾ ਦਿੱਤਾ ਗਿਆ ਹੈ,ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਵਿੱਚ ਭਾਗ ਲੈਣਾ ਚਾਹੀਦਾ ਹੈ,ਤਾਂ ਜੋ ਜ਼ਿਲ੍ਹਾ ਅੰਮ੍ਰਿਤਸਰ ਵਿੱਚ 70 ਪ੍ਰਤੀਸ਼ਤ ਵੋਟਿੰਗ ਦੇ ਆਂਕੜੇ ਨੂੰ ਪਾਰ ਕੀਤਾ ਜਾ ਸਕੇ।ਇਸ ਮੌਕੇ ਜ਼ਿਲ੍ਹਾ ਪੱਧਰੀ ਸਵੀਪ ਟੀਮ ਮੈਂਬਰ ਮੁਨੀਸ਼ ਕੁਮਾਰ,ਆਸ਼ੂ ਧਵਨ ਅਤੇ ਪੰਕਜ ਕੁਮਾਰ ਵੀ ਹਾਜ਼ਰ ਸਨ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com